ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 302 Website : www.punjabiakhbaar.ca Email: editor@punjabiakhbaar.ca Friday, 23 October 2026

ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਤਿੰਨ ਘੰਟੇ ਰੋਕੇ ਜਾਣ ਦੀਆਂ ਸਿਆਸੀ ਚਰਚਾਵਾਂ ਦੀ ਚਰਚਾ

ਪ੍ਰਧਾਨ ਮੰਤਰੀ ਨੂੰ ਭਗਵੰਤ ਮਾਨ ਦੇ ਫਰਾਂਸ ਜਾਣ ਦੀ ਖਿਝ: ਪੰਨੂ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਮੁੱਖ ਮੰਤਰੀ ਭਗਵੰਤ ਮਾਨ ਨੂੰ ਫਰਾਂਸ ਤੋਂ ਵਾਪਸੀ ਮੌਕੇ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਰੋਕੇ ਜਾਣ ਤੋਂ ਸਿਆਸੀ ਹੰਗਾਮਾ ਖੜ੍ਹਾ ਹੋ ਗਿਆ ਹੈ। ਮੁੱਖ ਮੰਤਰੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਾਖਲ ਮਗਰੋਂ 17 ਅਕਤੂਬਰ ਨੂੰ ਫਰਾਂਸ ਲਈ ਰਵਾਨਾ ਹੋਏ ਸਨ। 19 ਅਕਤੂਬਰ ਦੀ ਦੇਰ ਰਾਤ ਨੂੰ ਮੁੱਖ ਮੰਤਰੀ ਚੰਡੀਗੜ੍ਹ ਵਾਪਸ ਪਰਤੇ ਹਨ। ਵੇਰਵਿਆਂ ਅਨੁਸਾਰ ਮੁੱਖ ਮੰਤਰੀ ਜਦੋਂ ਫਰਾਂਸ ਵਾਪਸੀ ਮੌਕੇ ਦਿੱਲੀ ਦੇ ਹਵਾਈ ਅੱਡੇ 'ਤੇ ਰਾਤੀ ਕਰੀਬ 11 ਵਜੇ ਪਹੁੰਚੇ ਤਾਂ ਉਸ ਮੌਕੇ ਉਨ੍ਹਾਂ ਨੂੰ ਕਸਟਮ ਅਧਿਕਾਰੀਆਂ ਨੇ ਸਾਮਾਨ ਆਦਿ ਨਾ ਆਉਣ ਦੇ ਬਹਾਨੇ ਕਈ ਘੰਟੇ ਰੋਕੀ ਰੱਖਿਆ।

'ਆਪ' ਦੇ ਬੁਲਾਰੇ ਬਲਤੇਜ ਪੰਨੂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਸਲ 'ਚ ਇਸ ਗੱਲ ਦੀ ਖਿਝ ਹੈ ਕਿ ਕੇਂਦਰ ਸਰਕਾਰ ਦੇ ਰੋਕਣ ਦੇ ਬਾਵਜੂਦ ਮੁੱਖ ਮੰਤਰੀ ਅਦਾਲਤੀ ਦਖਲ ਨਾਲ ਫਰਾਂਸ ਕਿਉਂ ਚਲੇ ਗਏ। ਉਨ੍ਹਾਂ ਕਿਹਾ ਕਿ ਦਿੱਲੀ ਦੇ ਹਵਾਈ ਅੱਡੇ 'ਤੇ ਪਹਿਲਾਂ ਸਾਮਾਨ ਦੇ ਬਹਾਨੇ ਮੁੱਖ ਮੰਤਰੀ ਨੂੰ ਰੋਕਿਆ ਅਤੇ ਫਿਰ ਜਦੋਂ ਮੁੱਖ ਮੰਤਰੀ ਹਵਾਈ ਅੱਡੇ ਤੋਂ ਬਾਹਰ ਗੱਡੀ 'ਚ ਬੈਠ ਗਏ ਤਾਂ ਪਿੱਛੋਂ ਆਏ ਅਧਿਕਾਰੀਆਂ ਨੇ ਰੋਕ ਕੇ 50 ਹਜ਼ਾਰ ਰੁਪਏ ਦਾ ਚਲਾਨ ਕੱਟ ਦਿੱਤਾ। ਪੰਨੂ ਦਾ ਕਹਿਣਾ ਸੀ ਕਿ ਹਾਈ ਕੋਰਟ ਨੇ ਮੁੱਖ ਮੰਤਰੀ ਨੂੰ ਵਿਦੇਸ਼ ਦੌਰਾਨ ਬਣਦਾ ਪ੍ਰੋਟੋਕਾਲ ਦੇਣ ਦੇ ਹੁਕਮ ਵੀ ਕੀਤੇ ਸਨ। ਬਲਤੇਜ ਪੰਨੂ ਦਾ ਕਹਿਣਾ ਸੀ ਕਿ ਪ੍ਰੋਟੋਕਾਲ ਮੁਤਾਬਿਕ ਫਰਾਂਸ 'ਚ ਦੌਰੇ ਦੌਰਾਨ ਮੁੱਖ ਮੰਤਰੀ ਨੂੰ ਭਾਰਤੀ ਕੌਂਸਲੇਟ ਜਨਰਲ ਨੇ ਮਿਲਣਾ ਹੁੰਦਾ ਹੈ ਪ੍ਰੰਤੂ ਉਹ ਵੀ ਮੁੱਖ ਮੰਤਰੀ ਨੂੰ ਮਿਲਣ ਨਹੀਂ ਆਏ। ਪੰਨੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅਦਾਲਤੀ ਹੁਕਮਾਂ ਅਤੇ ਪ੍ਰੋਟੋਕਾਲ ਦੀ ਵੀ ਉਲੰਘਣਾ ਕੀਤੀ। ਦੱਸਣਯੋਗ ਹੈ ਕਿ ਕੇਂਦਰੀ ਵਿਦੇਸ਼ ਮੰਤਰਾਲੇ ਨੇ ਮੁੱਖ ਮੰਤਰੀ ਨੂੰ ਫਰਾਂਸ ਜਾਣ ਦੀ ਸਿਆਸੀ ਪ੍ਰਵਾਨਗੀ ਨਹੀਂ ਦਿੱਤੀ ਸੀ ਜਿਸ ਮਗਰੋਂ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੀ ਇਨਕਾਰੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਅਦਾਲਤ ਨੇ ਪੰਜਾਬ ਸਰਕਾਰ ਦੀ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ ਸੀ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 17 ਤੋਂ 21 ਅਕਤੂਬਰ ਤੱਕ ਪੈਰਿਸ ਵਿੱਚ ਹੋਣ ਵਾਲੇ ਕੌਮਾਂਤਰੀ ਫੂਡ ਫ਼ੈਸਟੀਵਲ ਵਿੱਚ ਸ਼ਮੂਲੀਅਤ ਕੀਤੀ ਗਈ ਹੈ ਅਤੇ ਉਨ੍ਹਾਂ ਨੇ ਫੂਡ ਫ਼ੈਸਟੀਵਲ 'ਚ ਮਾਰਕਫੈੱਡ ਦੇ ਉਤਪਾਦ ਲਾਂਚ ਕੀਤੇ ਹਨ।

Nav Immigration Services

· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP

Giving my best for your success

Navjeet Kaur
Director, RCIC
(Regulated Canadian Immigraton Consultant)

ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ

306-201-4464

Regina, SK navimmigrationservices@gmail.com

PUNJAB TOWING

Punjab Towing Regina (SK)
New horizon park #9 building, Pilot Butte, SK S0G 3Z0

Punjab Towing Swift Current (SK)
1975 Chaplin St W, Swift Current, SK S9H 5G6
Now Service Saskatoon & Surrounding Areas
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

ਓਨਰ ਅਪਰੇਟਰ ਅਤੇ ਕੰਪਨੀ ਡਰਾਈਵਰ ਚਾਹੀਦੇ ਹਨ

BLACKBIRD LOGISTICS
ਬਲੈਕਬਰਡ ਲੋਜਿਸਟਿਕਸ

COMPETITIVE PAY
STEADY MILES
CONSISTENT HOME TIME
SAFETY FOCUSED
DRIVER SUPPORT

1639-915-0286 | 1639-997-1353
info@blackbirdlogistics.ca
445 Winnipeg St, Regina (SK) S4P 1T2

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

H&H TRANSPORTS INC.
1575 PARK STREET , REGINA

Needs Driver
for Canada, Prairies and Local Runs
Turn Pikes Runs
Health benefits

HARRY
306-537-6403

- Great Mile Rate
- SINP/LMIA ਲਈ ਵੀ ਮਦਦ ਕਰਦੇ ਹਨ।
- Home Time on Every Weekend
- Just CAN-USA Runs
- Long and Short Haul

GARRY
306-201-9222

Bullet

Now Hiring

We are hiring Company Drivers & Owner Operators for USA Open Board

SPECIAL OFFER

MUST HAVE
- Clean Driver Abstract and CVOR
- Clear Crimnal Search
- Minimum 6 months verifiable experience

- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 hHours !

COMPETITIVE GREAT WAGES & REGULAR HOME TIME
COME INTO CHECK OUT OUR FAMILY,
SEE OUR TRUCKS AND MEET OUR TEAM

BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

EVERY DAY AUTO SALES LTD

- Cars for Newcomers
- Used cars sale & purchase.
- Many cars available around $10,000

ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ

306 988 2200

1675 Winnipeg Street, Regina

Dominion Lending Centres Mortgage Excellence

Bob Dhindsa
Mortgage Associate

Dominion Lending Centres Mortgage Excellence
Residential Mortgages | Commercial Mortgages | Refinancing | Investment Properties

Phone: 306.596.5047
Bob.dhindsa@dlcme.ca

ਪੂਰੇ ਕੈਨੇਡਾ ਭਰ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
ਸੈਸਕੈਚਵਾਨ, ਅਲਬਰਟਾ, ਬੀ ਸੀ ਵਰਗੇ ਸੂਬਿਆਂ ਵਿੱਚ ਮਾਰਗੇਜ ਸਪੈਸ਼ਲਿਸਟ

ਕਿਵੇਂ ਬੱਚੇ ਵਿੱਚ ਪਿਆਰ ਵਧੂਗਾ, ਨਾ ਦੁੱਧ ਚੁੰਘਾਉਂਦੀ ਮਾਂ

ਅਰਪਨ ਲਿਖਾਰੀ ਸਭਾ ਦੀ ਮੀਟਿੰਗ ਵਿੱਚ ਮਿਆਰੀ ਰਚਨਾਵਾਂ ਦੀ ਪੇਸ਼ਕਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮੀਟਿੰਗ 10 ਅਕਤੂਬਰ ਨੂੰ ਕੋਸੋ ਹਾਲ ਵਿੱਚ ਜਰਨੈਲ ਤੱਗੜ ਦੀ ਪ੍ਰਧਾਨਗੀ ਹੇਠ ਹੋਈ। ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਮਹਾਨ ਅਦਾਕਾਰ ਨਾਨਾ ਪਾਟੇਕਰ, ਸਰੋਕਾਰਾਂ ਦੀ ਆਵਾਜ਼ ਮੈਗਜ਼ੀਨ ਦੇ ਸੰਪਾਦਕ ਹਰਬੰਸ ਸਿੰਘ, ਵਿਅੰਗ ਲੇਖਕ ਕੇ ਐਲ ਗਰਗ ਅਤੇ ਹਰਮਨ-ਪਿਆਰੀ ਗਾਇਕਾ ਡੌਲੀ ਗੁਲੇਰੀਆ ਦੇ ਪਤੀ ਕਰਨਲ ਸ਼ਰਨਜੀਤ ਸਿੰਘ ਗੁਲੇਰੀਆ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਡਾ: ਸੁਖਦੇਵ ਸਿੰਘ ਸਿਰਸਾ ਅਤੇ ਡਾ: ਸਰਬਜੀਤ ਸਿੰਘ ਦੇ ਪੰਜਾਬ ਯੂਨੀਵਰਸਿਟੀ ਦੇ ਸੈਨੇਟਰ ਚੁਣੇ ਜਾਣ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ। ਜਰਨੈਲ ਤੱਗੜ ਨੇ ਹਰਜਿੰਦਰ ਕੰਗ ਦੀ ਕਵਿਤਾ,ਪਰਮਜੀਤ ਸਿੰਘ ਭੰਗੂ ਨੇ ਪਾਸ਼ ਦੀ ਕਵਿਤਾ, ਲਖਵਿੰਦਰ ਸਿੱਧੂ ਨੇ ਪੱਤਝੜ ਬਨਾਮ ਬਹਾਰ ਆਪਣੀ ਆਸ਼ਾਵਾਦੀ ਕਵਿਤਾ, ਮੁਖਿੰਦਰ ਸਿੰਘ ਉੱਪਲ ਨੇ ਬੀਰ ਸਿੰਘ ਦੀ ਕਵਿਤਾ, ਮਾਸਟਰ ਹਰਭਜਨ ਸਿੰਘ ਨੇ ਆਪਣੀ ਮਜ਼ਾਕੀਆ ਕਵਿਤਾ, ਜਸਵੀਰ ਸਿਹੋਤਾ ਨੇ ਆਪਣੀ ਪਰਵਾਸ ਬਾਰੇ ਰਚਨਾ, ਅਤੇ ਮੋਹਣ ਸਿੰਘ ਪਪਰਾਲਾ ਨੇ ਆਪਣੀ ਵਿਅੰਗਮਈ ਕਵਿਤਾ ਦਾ ਉਚਾਰਨ ਕਰ ਕੇ ਪੂਰੀ ਤਰ੍ਹਾਂ ਕਾਵਿ-ਮਈ ਮਾਹੌਲ ਸਿਰਜ ਦਿੱਤਾ।, ਡਾ: ਮਨਮੋਹਨ ਸਿੰਘ ਬਾਠ ਨੇ ਸ਼ਿਵ ਦੀ ਕਵਿਤਾ ਸੋਗੀ ਆਵਾਜ਼ ਵਿੱਚ ਗਾ ਕੇ ਮਾਹੌਲ ਗ਼ਮਗੀਨ ਕਰ ਦਿੱਤਾ। ਉਭਰਦੇ ਕਹਾਣੀਕਾਰ, ਕਵੀ, ਗੀਤਕਾਰ ਤੇ ਗਾਇਕ ਸੋਹਣ ਸਿੰਘ ਭੁੱਚੋ ਨੇ ਫੁੱਫੜ ਬਾਰੇ ਮਜ਼ਾਕੀਆ ਕਵਿਤਾ ਅਤੇ ਪੰਜਾਬੀ ਜੁੱਤੀ ਬਾਰੇ ਤਾਜ਼ਾ ਲਿਖੀ ਬੈਂਤ ਸੁਣਾਈ ਜਿਸ ਨੇ ਵਾਹਵਾ ਸਾਰਥਕ ਚਰਚਾ ਛੇੜੀ। ਸਤਨਾਮ ਸ਼ੇਰਗਿੱਲ ਨੇ ਜ਼ਿੰਦਗੀ ਦੇ ਕੁੱਝ ਦਿਲਚਸਪ ਕਿੱਸੇ ਸਾਂਝੇ ਕੀਤੇ। ਸਟੇਜ ਦੇ ਧਨੀ ਜਸਵੰਤ ਸ਼ਰਮਾ ਨੇ ਪਿੰਡਾਂ ਦੇ ਵਿਰਾਸਤੀ ਤੱਥ ਸਾਂਝੇ ਕੀਤੇ ਅਤੇ ਮੱਖਣ ਬਰਾੜ ਦੀਆਂ ਕਵਿਤਾਵਾਂ ਕਮਾਲ ਦੇ ਅੰਦਾਜ਼ ਵਿੱਚ ਪੇਸ਼ ਕੀਤੀਆਂ, ਮਿਸਾਲ ਵਜੋਂ - ਕਿਵੇਂ ਬੱਚੇ ਵਿੱਚ ਪਿਆਰ ਵਧੂਗਾ ਨਾ ਦੁੱਧ ਚੁੰਘਾਉਂਦੀ ਮਾਂ, - ਮੱਖਣ ਬਰਾੜ ਨੇ ਘੁੰਮ ਲਈ ਕੁੱਲ ਦੁਨੀਆਂ / ਸੱਚੀਂ ਵਿੱਚ ਪੰਜਾਬ ਸਰਦਾਰੀਆਂ ਨੇ। ਜ਼ੀਰ ਸਿੰਘ ਬਰਾੜ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਵਿਚਾਰਾਂ ਦੀ ਗੱਲ ਕਰ ਕੇ ਚਰਚਾ ਨੂੰ ਨਵੀਂ ਸੇਧ ਦੇ ਦਿੱਤੀ। ਸਵਰਨ ਧਾਲੀਵਾਲ ਨੇ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦਿੰਦਿਆਂ ਆਪਣੇ ਵੱਲੋਂ ਚਲਾਈਆਂ ਲੋਕ-ਹਿਤੂ ਮੁਹਿੰਮਾਂ ਦਾ ਵੇਰਵਾ ਦਿੱਤਾ। ਸਤਨਾਮ ਢਾਅ ਨੇ ਪਾਲ ਸਿੰਘ ਪੰਛੀ ਦੁਆਰਾ ਲਿਖਿਆ ਮਹਾਰਾਣੀ ਜਿੰਦਾਂ ਦਾ ਵਿਰਲਾਪਮਈ ਛੰਦ ਬੁਲੰਦ ਆਵਾਜ਼ ਵਿੱਚ ਗਾ ਕੇ ਕਵੀਸ਼ਰੀ ਦੀ ਕਮੀ ਪੂਰੀ ਕਰ ਦਿੱਤੀ। ਕਾਰਵਾਈ ਚਲਾ ਰਹੇ ਸਕੱਤਰ ਦਰਸ਼ਨ ਬਰਾੜ ਨੇ ਵੀ ਆਪਣੀ ਕਵਿਤਾ ਸੁਣਾਈ। ਜਗਦੇਵ ਸਿੱਧੂ ਨੇ ਕੈਨੇਡਾ ਦੀ ਲੇਖਿਕਾ ਤੇ ਕਵਿੱਤਰੀ ਐਨ ਪੈਟਰੀਸੀਆ ਕਾਰਸਨ ਨੂੰ ਸਾਹਿਤ ਦਾ ਨੋਬਲ ਇਨਾਮ ਮਿਲਣ ਦੀ ਖ਼ੁਸ਼ੀ ਸਾਂਝੀ ਕੀਤੀ, ਉਸ ਨੇ ਕਾਰਸਨ ਦੇ ਜੀਵਨ, ਅਧਿਆਪਨ ਕਾਰਜ, ਸਾਹਿਤਕ ਸਫਰ ਅਤੇ ਉਸ ਨੂੰ ਮਿਲੇ ਵੱਕਾਰੀ ਇਨਾਮਾਂ ਦੀ ਤਫਸੀਲ ਪੇਸ਼ ਕੀਤੀ। ਮੀਟਿੰਗ ਵਿੱਚ ਉੱਠੀਆਂ ਇਨਕਲਾਬੀ ਸੁਰਾਂ ਨੂੰ ਵਿਸਥਾਰ ਦਿੰਦਿਆਂ ਸਾਮਰਾਜਵਾਦ, ਬਸਤੀਵਾਦ, ਸਮਾਜਵਾਦ ਅਤੇ ਲੋਕ-ਸੰਘਰਸ਼ਾਂ ਬਾਰੇ ਸੰਖੇਪ ਵਿੱਚ ਚਰਚਾ ਕੀਤੀ, ਭਗਤ ਸਿੰਘ, ਪਾਸ਼, ਸੰਤ ਰਾਮ ਉਦਾਸੀ ਦੀਆਂ ਮਿਸਾਲਾਂ ਦੇ ਕੇ ਸੁਰਿੰਦਰ ਧੰਜਲ ਦੇ ਹਵਾਲੇ ਨਾਲ਼ ਲੋਕ-ਪੱਖੀ ਸੋਚ ਨੂੰ ਪ੍ਰੀਭਾਸ਼ਤ ਕੀਤਾ। ਮੀਤ ਪ੍ਰਧਾਨ ਜਰਨੈਲ ਤੱਗੜ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਸਭ ਦਾ ਧੰਨਵਾਦ ਕੀਤਾ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

TAJ FURNACE CLEANING
We do Furnace & Carpet Cleaning
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ!
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।

403-672-4500
tajfurnacecleaning@gmail.com
20 Saddleland Crt NE. Calgary AB T3J 5J5

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!

ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮੌਕੇ “ਪੁੰਨਿਆਂ ਦੇ ਚੰਨ ਨੂੰ ਕੋਈ ਮੱਸਿਆ ਕੀਕਣ ਅਰਘ ਚੜ੍ਹਾਏ ਵੇ” ਬੋਲ ਗੂੰਜੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 12 ਅਕਤੂਬਰ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸ਼ੁਕਰਾਨਾ-ਦਿਵਸ ਦੀ ਅਹਿਮੀਅਤ ਦੱਸ ਕੇ ਐਸੋਸੀਏਸ਼ਨ ਵੱਲੋਂ ਉਸ ਨੂੰ ਵਾਰ-ਵਾਰ ਨਾਮਜ਼ਦ ਕਰ ਕੇ ਸਕੱਤਰ ਬਨਾਉਣ ਲਈ ਸੰਸਥਾ ਦਾ ਧੰਨਵਾਦ ਕੀਤਾ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਕਿਹਾ ਕਿ ਕਈ ਮਾਨਸਿਕ ਬੀਮਾਰੀਆਂ ਦੀ ਜੜ੍ਹ ਬੇ-ਸ਼ੁਕਰੇ ਹੋਣ ਵਿੱਚ ਹੈ। ਸਾਨੂੰ ਮਾਪਿਆਂ, ਅਧਿਆਪਕਾਂ, ਸੁਹਿਰਦ ਦੋਸਤਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਖਾਸ ਕਰ ਕੇ ਵਿਗਿਆਨੀਆਂ ਤੇ ਤਕਨੀਸ਼ਨਾਂ ਦਾ ਸ਼ੁਕਰਾਨਾ ਕਰਨਾ ਬਣਦਾ ਹੈ ਜਿਨ੍ਹਾਂ ਨੇ ਨਵੀਆਂ ਖੋਜਾਂ ਕਰ ਕੇ ਉਹ ਸਹੂਲਤਾਂ ਤੇ ਸਾਧਨ ਪੈਦਾ ਕੀਤੇ ਜੋ ਸਾਡੀ ਜ਼ਿੰਦਗੀ ਨੂੰ ਸੁਖਾਲ਼ਾ ਕਰਦੇ ਹਨ। ਖ਼ਜ਼ਾਨਚੀ ਜੰਗਪਾਲ ਖੋਸਾ ਨੇ ਦਾਨ ਦੇਣ ਵਾਲ਼ੇ ਮੈਂਬਰਾਂ ਦਾ ਧੰਨਵਾਦ ਕੀਤਾ। ਕਰਮ ਸਿੰਘ ਮੁੰਡੀ ਨੇ ਕਿਹਾ ਕਿ ਇਤਿਹਾਸ ਦੀ ਪ੍ਰਮਾਣਿਕਤਾ ਉਸ ਨੂੰ ਲਿਖਣ ਵਾਲ਼ੇ ਦੇ ਝੁਕਾਅ ਉਪਰ ਨਿਰਭਰ ਕਰਦੀ ਹੈ। ਮਨਦੀਪ ਕੌਰ ਹੁੰਦਲ ਨੇ ਕੁਦਰਤ ਦਾ ਸ਼ੁਕਰਾਨਾ ਕਰਨ ਦੀ ਜ਼ਰੂਰਤ ਜਤਾਈ ਤੇ ਇਸ ਐਸੋਸੀਏਸ਼ਨ ਦਾ ਧੰਨਵਾਦ ਕੀਤਾ। ਉਸ ਨੇ ਮੀਟਿੰਗਾਂ ਸਮੇਂ ਭੋਜਨ ਪਰੋਸਣ ਲਈ ਪਰਮਜੀਤ ਕੌਰ ਖੋਸਾ ਤੇ ਅਮਰਜੀਤ ਕੌਰ ਪਲਾਹਾ ਹੁਰਾਂ ਦੀ ਟੀਮ ਦਾ ਉਚੇਚੇ ਤੌਰ ‘ਤੇ ਧੰਨਵਾਦ ਕੀਤਾ। ਸੁਰਿੰਦਰ ਢਿੱਲੋਂ ਨੇ ਹਵਾਈ ਜਹਾਜ਼ ਦੀ ਬਣਤਰ, ਇਸ ਦੇ ਹਵਾ ਵਿੱਚ ਉੱਡਣ, ਉਤਾਂਹ ਚੜ੍ਹਨ, ਹੇਠਾਂ ਉਤਰਨ, ਮੋੜਾ ਕੱਟਣ ਆਦਿ ਦੀ ਤਕਨੀਕੀ ਜਾਣਕਾਰੀ ਦਿੱਤੀ। ਯਾਦਵਿੰਦਰ ਸਿੱਧੂ ਨੇ ਕੁਐਂਟਮ ਚਿਪ ਦੇ ਉਤਪਾਦਨ ਦੀ ਤਕਨੀਕ ਅਤੇ ਡਾਟਾ ਸੈਂਟਰਾਂ ਬਾਰੇ ਵਿਗਿਆਨਕ ਪੱਖ ਤੋਂ ਜਾਣਕਾਰੀ ਸਾਂਝੀ ਕੀਤੀ। ਡਾ: ਮਨਮੋਹਨ ਸਿੰਘ ਬਾਠ ਨੇ ਸ਼ਿਵ ਦਾ ਗੀਤ - ਪੁੰਨਿਆਂ ਦੇ ਚੰਨ ਨੂੰ ਕੋਈ ਮੱਸਿਆ ਕੀਕਣ ਅਰਘ ਚੜ੍ਹਾਏ ਵੇ - ਗਾ ਕੇ ਸੰਗੀਤਕ ਮਾਹੌਲ ਸਿਰਜਿਆ। ਹਰਿੰਦਰ ਕੌਰ ਮੁੰਡੀ ਨੇ ਮਖੌਲੀਆ ਕਵਿਤਾ, ਸੁਖਮੰਦਰ ਗਿੱਲ ਨੇ ਇੱਕ ਪੰਜਾਬੀ ਤੇ ਇੱਕ ਹਿੰਦੀ ਗਾਣਾ, ਅਤੇ ਸੁਰਜੀਤ ਕੌਰ ਕੰਮੋਹ ਨੇ ਪੰਜਾਬੀ ਗਾਣਾ ਗਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਵਿਜੇ ਸਚਦੇਵਾ ਨੇ ਸ਼ਿਵ ਦਾ ਗੀਤ - ਸ਼ਹਿਰ ਤੇਰੇ ਤਰਕਾਲਾਂ ਝਲੀਆਂ - ਤਰੱਨਮ ਵਿੱਚ ਗਾ ਕੇ ਚੰਗਾ ਰੰਗ ਬੰਨ੍ਹਿਆ। ਕੋਈ 3300 ਗੀਤਾਂ ਦੇ ਰਚਨਹਾਰ ਅਲਬੇਲ ਬਰਾੜ ਨੇ ਤਾਜ਼ਾ ਗੀਤ ਸੁਣਾਇਆ - ਲੱਗਿਆ ਫੁੱਲਾਂ ਦਾ ਮੇਲਾ। ਪ੍ਰਮਿੰਦਰ ਗਰੇਵਾਲ਼ ਅਤੇ ਸ਼ਮਿੰਦਰ ਸਿੰਘ ਕੰਮੋਹ ਨੇ ਚੋਣਵੇਂ ਸ਼ਿਅਰ ਅਤੇ ਮਜ਼ਾਕੀਆ ਟੋਟਕੇ ਸੁਣਾਏ। ਸੁਖਦੇਵ ਬੈਂਸ ਨੇ ਐਸੋਸੀਏਸ਼ਨ ਨੂੰ ਚਲਾਉਣ ਲਈ ਪ੍ਰਧਾਨ ਅਤੇ ਸਕੱਤਰ ਦੀ ਭਰਵੀਂ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਸਕੱਤਰ ਖਹਿਰਾ ਸਾਹਿਬ ਪੂਰੇ ਤੇਰਾਂ ਦਿਨ ਮੀਟਿੰਗ ਦੀ ਤਿਆਰੀ ਕਰਦੇ ਰਹਿੰਦੇ ਹਨ। ਜਗਜੀਤ ਰੰਧਾਵਾ ਨੇ ਦਿਸ਼ਾਵਾਂ ਬਾਰੇ ਅਤੇ ਦਿਲਾਵਰ ਸਮਰਾ ਨੇ ਗੁਰਬਾਣੀ ਦੀ ਅਹਿਮੀਅਤ ਬਾਰੇ ਵਿਚਾਰ ਪਰੋਸੇ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਕੈਲਗਰੀ ਸੰਗੀਤ ਕਲਾ ਮੰਚ ਵੱਲੋਂ ਮਿਲਣੀ ਮੌਕੇ ਗੀਤਾਂ ਦੀ ਛਹਿਬਰ ਲੱਗੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਕੋਸੋ ਹਾਲ ਵਿੱਚ 11 ਸਤੰਬਰ 2026 ਨੂੰ ਕੈਲਗਰੀ ਸੰਗੀਤ ਕਲਾ ਮੰਚ ਦੀ ਮੀਟਿੰਗ ਜਗਦੇਵ ਸਿੱਧੂ ਦੁਆਰਾ ਭੂਮੀ-ਕਬੂਲਨਾਮਾ ਪੜ੍ਹਨ ਨਾਲ਼ ਸ਼ੁਰੂ ਹੋਈ। ਸਕੱਤਰ ਹਰਮਿੰਦਰਪਾਲ ਸਿੰਘ ਨੇ ਹਾਜ਼ਿਰ ਸੰਗੀਤਕਾਰਾਂ, ਗਾਇਕ ਕਲਾਕਾਰਾਂ ਅਤੇ ਕਲਾ-ਪ੍ਰੇਮੀਆਂ ਨੂੰ ਜੀ-ਆਇਆਂ ਕਿਹਾ। ਪ੍ਰਧਾਨ ਡਾ: ਜੋਗਾ ਸਿੰਘ ਸਹੋਤਾ ਨੇ ਸੰਗੀਤ ਅਤੇ ਗਾਇਕੀ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਹਿੰਦੀ ਗੀਤ ਗਾ ਕੇ ਉਸਤਾਦ ਗਾਇਕ ਹੋਣ ਦੀ ਮਿਸਾਲ ਪੇਸ਼ ਕੀਤੀ। ਡਾ: ਮਨਮੋਹਨ ਬਾਠ ਨੇ ਵੀ ਸਾਜ਼ਾਂ ਦੀ ਧੁਨ ‘ਤੇ ਗੀਤ ਪੇਸ਼ ਕਰ ਕੇ ਚੰਗਾ ਸੰਗੀਤਕ ਮਾਹੌਲ ਸਿਰਜਿਆ। ਮਾਊਂਟ ਰੋਇਲ ਯੂਨੀਵਰਸਿਟੀ ਦੀ ਪ੍ਰੋਫੈਸਰ, ਡਾ: ਰੀਟਾ ਕਰਮਾਕਰ ਨੇ ਕਿਹਾ ਕਿ ਸੰਗੀਤ ਸਾਨੂੰ ਆਪਸ ਵਿੱਚ ਜੋੜਨ ਦਾ ਵਧੀਆ ਵਸੀਲਾ ਹੈ। ਰਵੀ ਪ੍ਰਕਾਸ਼ ਜਨਾਗਲ ਨੇ ਦੋ ਗਾਣੇ ਗਾ ਕੇ ਚੰਗਾ ਅਸਰ ਛੱਡਿਆ। ਜਤਿੰਦਰ ਸਿੰਘ ਕੈਂਥ ਅਤੇ ਰਾਵਿੰਦਰ ਕੁਮਾਰ ਨੇ ਵੀ ਹਿੰਦੀ ਗੀਤਾਂ ਨਾਲ਼ ਹਾਜ਼ਰੀ ਲਵਾਈ। ਝੰਗ ਦੇ ਜਾਏ ਜਨਾਬ ਮਲਿਕ ਆਰਿਫ਼ ਨੇ ਵੀ ਗਾਣਿਆਂ ਦੀ ਛਹਿਬਰ ਲਾ ਕੇ ਦਰਸ਼ਕਾਂ ਨੂੰ ਕੀਲਿਆ । ਇਸਾਕ ਬਿੱਟੂ ਸੰਸਾਰਪੁਰੀਆ ਨੇ ਆਪਣੇ ਅੰਦਾਜ਼ ਵਿੱਚ ਗੀਤ ਸੁਣਾਇਆ। ਸਕੱਤਰ ਹਰਮਿੰਦਰਪਾਲ ਸਿੰਘ ਕਾਰਵਾਈ ਨੂੰ ਸੁਚੱਜੀ ਤਰਤੀਬ ਨਾਲ਼ ਚਲਾਉਂਦਾ ਹੋਇਆ ਸੁਰੀਲੀ ਆਵਾਜ਼ ਤੇ ਲੈਅ ਵਿੱਚ ਇਹ ਗੀਤ ਸੁਣਾ ਕੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਗਿਆ - ਸਾਰੀ ਉਮਰ ਕਰਾਂ ਮੈਂ ਤੇਰੀ ਸੇਵਾ ਨੀਂ ਖ਼ੁਆਬਾਂ ਵਿਚ ਰਹਿਣ ਵਾਲ਼ੀਏ। ਰੌਸ਼ਨ ਭੱਟੀ ਨੇ ਕਈ ਗੀਤਾਂ ਦੇ ਮੁਖੜੇ ਗਾ ਕੇ ਵਧੀਆ ਗਾਇਕੀ ਦਾ ਨਮੂਨਾ ਪੇਸ਼ ਕੀਤਾ। ਸੁਖਦੇਵ ਰੱਤੂ ਨੇ ਮਸਤੀ ਵਿੱਚ ਆ ਕੇ “ਜੋਗੀਆਂ ਦੇ ਕੰਨਾਂ ਵਿਚ ਕੱਚ ਦੀਆਂ ਮੁੰਦਰਾਂ” ਗਾਇਆ। ਹੋਰ ਕਲਾ ਪ੍ਰੇਮੀਆਂ ਵਿੱਚ ਮਾਨਯੋਗ ਸਤ ਪਾਲ ਕੌਸ਼ਿਲ, ਪਿਊਸ਼ ਕੌਸ਼ਲ, ਅਵਤਾਰ ਰੀਹਲ, ਜਰਨੈਲ ਤੱਗੜ ਅਤੇ ਸਤਨਾਮ ਸ਼ਾਮਿਲ ਸਨ। ਸਾਰੇ ਪ੍ਰੋਗਰਾਮ ਦੀ ਰੂਹੇ-ਰਵਾਂ ਢੋਲਕੀ, ਤਬਲਾ, ਡਫਲੀ ਤੇ ਹਾਰਮੋਨੀਅਮ ਦੇ ਸਾਜ਼ਿੰਦੇ ਮੀਤ ਮੱਟੂ, ਰੌਸ਼ਨ ਭੱਟੀ, ਬਿੱਟੂ ਸੰਸਾਰਪੁਰੀਆ ਤੇ ਸੁਖਦੇਵ ਰੱਤੂ ਸਨ। ਸਾਊਂਡ ਸਿਸਟਮ ਨੂੰ ਰਵੀ ਜਨਾਗਲ ਨੇ ਮੁਹਾਰਤ ਨਾਲ਼ ਚਲਾਇਆ। ਫੋਟੋਗ੍ਰਾਫ਼ੀ ਜਸਵੰਤ ਸਿੰਘ ਕਪੂਰ ਨੇ ਕੀਤੀ, ਚਾਹ-ਪਾਣੀ ਦੀ ਸੇਵਾ ਪ੍ਰਿਤਪਾਲ ਕੌਰ ਅਤੇ ਬੀਬਾ ਹਰਮੀਨ ਕੌਰ ਨੇ ਨਿਭਾਈ। ਸੰਗੀਤ ਦਾ ਐਸਾ ਰੰਗ ਬੱਝਿਆ ਕਿ ਪ੍ਰੋਗਰਾਮ ਪੰਜ ਵਜੇ ਦੀ ਥਾਂ ਛੇ ਵਜੇ ਮਸਾਂ ਸਮਾਪਤ ਹੋਇਆ। ਡਾ: ਜੋਗਾ ਸਿੰਘ ਸਹੋਤਾ ਨੇ ਹਾਜ਼ਰੀਨ ਦਾ ਹਾਰਦਿਕ ਧੰਨਵਾਦ ਕੀਤਾ।

ਅਲਬਰਟਾ ਵਾਸੀਆਂ ਦਾ ਕੈਨੇਡਾ ਵਿੱਚ ਹੀ ਰਹਿਣ ਦੇ ਹੱਕ ਵਿੱਚ ਫ਼ਤਵਾ

ਅਲਬਰਟਾ ਰੈਫਰੈਂਡਮ ਵਿੱਚ ਕੈਨੇਡਾ ਵਿੱਚ ਰਹਿਣ ਵਾਲੇ ਬਦਲ ਦੀ ਵੱਡੀ ਜਿੱਤ ਹੋਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ)ਅਲਬਰਟਾ ਸੂਬੇ ਦੇ ਕੈਨੇਡਾ ਨਾਲੋਂ ਵੱਖ ਹੋਣ ਦੇ ਛਿੜੇ ਵਿਵਾਦ ਸਬੰਧੀ ਬੀਤੀ 19 ਅਕਤੂਬਰ 2026 ਨੂੰਰੈਫਰੈਂਡਮ ਕਰਵਾਇਆ ਗਿਆ ਰੈਫਰੈਂਡਮ ਵਿੱਚ ਵੋਟਰਾਂ ਅੱਗੇ 10 ਸਵਾਲ ਰੱਖੇ ਗਏ ਸਨ, ਜਿਨ੍ਹਾਂ ਵਿੱਚੋਂ 1 ਅਲਬਰਟਾ ਦੀ ਆਜ਼ਾਦੀ ਨਾਲ ਸਬੰਧਤ ਸੀ। ਇਸ ਸਵਾਲ ਦੇ ਨਤੀਜੇ ਰਾਤ 10 ਵਜੇ ਤੋਂ ਬਾਅਦ ਆਉਣ ਦੀ ਉਮੀਦ ਸੀ, ਪਰ ਕਾਰਡਸਟਨ-ਸਿਕਸਿਕਾ ਹਲਕੇ ਵਿੱਚ ਇੱਕ ਪੋਲਿੰਗ ਸਟੇਸ਼ਨ ਉਮੀਦ ਤੋਂ ਵੱਧ ਸਮੇਂ ਤੱਕ ਖੁੱਲ੍ਹਾ ਰਹਿਣ ਕਾਰਨ ਨਤੀਜਿਆਂ ਵਿੱਚ ਦੇਰੀ ਹੋ ਗਈ।

ਖ਼ਬਰ ਲਿਖੇ ਜਾਣ ਤੱਕ (ਰਾਤ ਸਾਢੇ ਬਾਰਾਂ ਵਜੇ ਤੱਕ) ਦਸ ਲੱਖ ਤੋਂ ਵੱਧ ਵੋਟਾਂ ਦੀ ਗਿਣਤੀ ਹੋ ਚੁੱਕੀ ਸੀ। ਇਨ੍ਹਾਂ ਵਿੱਚੋਂ 76.5 ਫ਼ੀਸਦੀ ਵੋਟਰਾਂ ਨੇ ਕੈਨੇਡਾ ਵਿੱਚ ਰਹਿਣ ਦਾ ਸਮਰਥਨ ਕੀਤਾ, ਜਦਕਿ 23.5 ਫ਼ੀਸਦੀ ਨੇ ਵੱਖ ਹੋਣ ਬਾਰੇ ਦੂਜਾ ਰੈਫਰੈਂਡਮ ਕਰਵਾਉਣ ਦੇ ਬਦਲ ਨੂੰ ਚੁਣਿਆ।

ਬਾਕੀ ਸਵਾਲਾਂ ਵਿੱਚੋਂ ਪੰਜ ਇਮੀਗ੍ਰੇਸ਼ਨ ਨਾਲ ਅਤੇ ਚਾਰ ਸੰਵਿਧਾਨਕ ਤਬਦੀਲੀਆਂ ਨਾਲ ਸਬੰਧਤ ਹਨ। ਚੋਣ ਅਧਿਕਾਰੀ ਉਨ੍ਹਾਂ ਦੀ ਗਿਣਤੀ ਕਰ ਰਹੇ ਹਨ।

ਅੱਧੀ ਰਾਤ ਤੋਂ ਕੁਝ ਸਮਾਂ ਪਹਿਲਾਂ 'ਫ਼ਾਰਐਵਰ ਕੈਨੇਡੀਅਨ' ਦੀ ਰੈਲੀ ਵਿੱਚ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੰਸਥਾਪਕ ਥਾਮਸ ਲੁਕੈਸਜ਼ਕ ਨੇ ਕਿਹਾ ਕਿ ਇਹ ਨਤੀਜੇ ਬਾਕੀ ਕੈਨੇਡਾ ਨੂੰ ਸੁਨੇਹਾ ਦਿੰਦੇ ਹਨ ਕਿ ਅਲਬਰਟਾ ਕੈਨੇਡੀਅਨ ਸੰਘ ਦੀ ਕਮਜ਼ੋਰ ਕੜੀ ਨਹੀਂ ਬਣੇਗਾ।

ਉਨ੍ਹਾਂ ਕਿਹਾ, ਸਾਨੂੰ ਅਲਬਰਟਾ ਵਾਸੀਆਂ ਨੂੰ ਕੈਨੇਡੀਅਨ ਹੋਣ 'ਤੇ ਉਨਾ ਹੀ ਮਾਣ ਹੈ, ਜਿੰਨਾ ਦੇਸ਼ ਦੇ ਕਿਸੇ ਹੋਰ ਕੈਨੇਡੀਅਨ ਨੂੰ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਦੂਜੇ ਵਿਕਲਪ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਅਲਬਰਟਾ ਵਾਸੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਆਜ਼ਾਦੀ ਦੇ ਸਮਰਥਕਾਂ ਨਾਲ ਗੱਲਬਾਤ ਸ਼ੁਰੂ ਕਰਨੀ ਜ਼ਰੂਰੀ ਹੋਵੇਗੀ।ਪ੍ਰੀਮੀਅਰ ਡੈਨੀਅਲ ਸਮਿਥ ਨੇ ਇਸ ਸਾਲ ਦੇ ਸ਼ੁਰੂ ਵਿੱਚ ਆਜ਼ਾਦੀ ਨਾਲ ਸਬੰਧਤ ਸਵਾਲ ਰੈਫਰੈਂਡਮ ਵਿੱਚ ਸ਼ਾਮਲ ਕੀਤਾ ਸੀ। ਉਨ੍ਹਾਂ ਦੀ ਦਲੀਲ ਸੀ ਕਿ ਵਿਰੋਧੀ ਮੰਗਾਂ ਵਾਲੀਆਂ ਨਾਗਰਿਕ ਪਟੀਸ਼ਨਾਂ 'ਤੇ ਦਸਤਖ਼ਤ ਕਰਨ ਵਾਲੇ ਲੱਖਾਂ ਅਲਬਰਟਾ ਵਾਸੀਆਂ ਦੀ ਰਾਇ ਦਾ ਸਤਿਕਾਰ ਕਰਨ ਦਾ ਸਹੀ ਤਰੀਕਾ ਵੋਟ ਕਰਵਾਉਣਾ ਹੈ।

ਪਰ ਉਨ੍ਹਾਂ ਨੂੰ ਆਪਣੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ—ਯੂਸੀਪੀ—ਵਿਚਲੀ ਵੰਡ ਨਾਲ ਵੀ ਨਜਿੱਠਣਾ ਪਿਆ ਹੈ। ਸਰਵੇਖਣਾਂ ਨੇ ਸੰਕੇਤ ਦਿੱਤੇ ਸਨ ਕਿ ਯੂਸੀਪੀ ਵੋਟਰਾਂ ਦੀ ਮਾਮੂਲੀ ਬਹੁਗਿਣਤੀ ਰੈਫਰੈਂਡਮ ਵਿੱਚ ਵੱਖ ਹੋਣ ਵੱਲ ਵਧਣ ਵਾਲੇ ਬਦਲ ਦੇ ਹੱਕ ਵਿੱਚ ਸੀ।

ਐਕਸ 'ਤੇ ਸਮਿਥ ਨੇ ਲਿਖਿਆ ਕਿ ਇਲੈਕਸ਼ਨਜ਼ ਅਲਬਰਟਾ ਦੇ ਸ਼ੁਰੂਆਤੀ ਨਤੀਜਿਆਂ ਵਿੱਚ ਕੈਨੇਡਾ ਵਿੱਚ ਰਹਿਣ ਲਈ ਵਿਆਪਕ ਸਮਰਥਨ ਦੇਖ ਕੇ ਉਹ ਬਹੁਤ ਖੁਸ਼ ਹਨ।

ਉਨ੍ਹਾਂ ਲਿਖਿਆ, ਅਲਬਰਟਾ ਵਾਸੀਆਂ ਨੇ ਇੱਕਜੁੱਟ ਕੈਨੇਡਾ ਅੰਦਰ ਹੋਰ ਮਜ਼ਬੂਤ ਅਲਬਰਟਾ ਲਈ ਵੋਟ ਪਾਈ ਹੈ। ਇਨ੍ਹਾਂ ਬੇਹੱਦ ਮਹੱਤਵਪੂਰਨ ਰੈਫਰੈਂਡਮ ਸਵਾਲਾਂ 'ਤੇ ਵੋਟ ਪਾਉਣ ਲਈ ਸਮਾਂ ਕੱਢਣ ਵਾਲੇ ਸਾਰੇ ਅਲਬਰਟਾ ਵਾਸੀਆਂ ਦਾ ਧੰਨਵਾਦ।

ਮੰਗਲਵਾਰ ਸਵੇਰੇ ਜਾਰੀ ਬਿਆਨ ਵਿੱਚ ਕਾਰਨੀ ਨੇ ਕਿਹਾ ਕਿ ਵੱਖ ਹੋਣ ਬਾਰੇ ਨਤੀਜੇ ਦਰਸਾਉਂਦੇ ਹਨ ਕਿ ਅਲਬਰਟਾ ਵਾਸੀ ਅਤੇ ਸਾਰੇ ਕੈਨੇਡੀਅਨ ਨਵੇਂ ਉਦੇਸ਼ ਅਤੇ ਵੱਡੀਆਂ ਅਕਾਂਖਿਆਵਾਂ ਨਾਲ ਇਕੱਠੇ ਅੱਗੇ ਵਧਣਗੇ।

ਉਨ੍ਹਾਂ ਲਿਖਿਆ, ਕੈਨੇਡਾ ਦੀ ਤਾਕਤ ਉਸ ਦੇ ਵੱਖ-ਵੱਖ ਹਿੱਸਿਆਂ ਦੀ ਤਾਕਤ ਨੂੰ ਜੋੜਨ ਨਾਲੋਂ ਕਿਤੇ ਵੱਧ ਹੈ। ਹੁਣ ਸਾਡੇ ਕੋਲ ਮੌਕਾ ਹੈ ਕਿ ਕੈਨੇਡੀਅਨ ਹੋਣ ਦੇ ਨਾਤੇ ਸਾਨੂੰ ਜੋ ਕੁਝ ਮਿਲਿਆ ਹੈ—ਅਤੇ ਸਾਨੂੰ ਦੁਨੀਆ ਦਾ ਸਭ ਤੋਂ ਵਧੀਆ ਦੇਸ਼ ਮਿਲਿਆ ਹੈ—ਉਸ ਨੂੰ ਵਰਤ ਕੇ ਆਪਣੇ ਦੇਸ਼ ਨੂੰ ਸਾਰਿਆਂ ਲਈ ਹੋਰ ਬਿਹਤਰ ਬਣਾਈਏ।

ਅਲਬਰਟਾ ਆਜ਼ਾਦੀ ਲਹਿਰ ਦੇ ਪ੍ਰਮੁੱਖ ਆਗੂ ਕੀਥ ਵਿਲਸਨ ਨੇ ਸੋਮਵਾਰ ਨੂੰ ਪਹਿਲਾਂ ਕਿਹਾ ਸੀ ਕਿ ਉਹ ਓਟਾਵਾ ਨੂੰ ਸੁਨੇਹਾ ਦੇਣ ਲਈ ਵੱਖਵਾਦੀ ਧਿਰ ਦੇ ਹੱਕ ਵਿੱਚ ਵੱਡੀ ਗਿਣਤੀ ਵਿੱਚ ਵੋਟਾਂ ਪੈਣ ਦੀ ਉਮੀਦ ਕਰਦੇ ਹਨ।

ਨਤੀਜੇ ਆਉਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਅੰਤਿਮ ਅੰਕੜੇ ਅਜੇ ਨਹੀਂ ਆਏ, ਪਰ ਇਹ ਮਹੱਤਵਪੂਰਨ ਹੈ ਕਿ ਲਗਭਗ ਚੌਥਾ ਹਿੱਸਾ ਅਲਬਰਟਾ ਵਾਸੀ ਮਹਿਸੂਸ ਕਰਦਾ ਹੈ ਕਿ ਕੈਨੇਡੀਅਨ ਸੰਘ ਅੰਦਰ ਸੂਬੇ ਨਾਲ ਬਿਹਤਰ ਵਿਹਾਰ ਹੋਣਾ ਚਾਹੀਦਾ ਹੈ।

'ਵੋਟ ਟੂ ਸਟੇ' ਮੁਹਿੰਮ ਦੇ ਸੰਸਥਾਪਕ ਮੈਂਟੀ ਸੋਲਬਰਗ ਨੇ ਬਿਆਨ ਵਿੱਚ ਕਿਹਾ, ਹੁਣ ਵੱਖ ਹੋਣ ਦੇ ਸਵਾਲ ਨੂੰ ਵਿਰਾਮ ਦੇਣ ਅਤੇ ਇੱਕਜੁੱਟ ਕੈਨੇਡਾ ਅੰਦਰ ਹੋਰ ਮਜ਼ਬੂਤ ਅਲਬਰਟਾ ਬਣਾਉਣ ਲਈ ਕੰਮ ਸ਼ੁਰੂ ਕਰਨ ਦਾ ਸਮਾਂ ਹੈ।

ਸਮਿਥ ਨੇ ਸ਼ੁਰੂ ਤੋਂ ਕਿਹਾ ਸੀ ਕਿ ਉਹ ਕੈਨੇਡਾ ਵਿੱਚ ਰਹਿਣ ਦੇ ਹੱਕ ਵਿੱਚ ਵੋਟ ਪਾਉਣਗੇ। ਉਨ੍ਹਾਂ ਇਹ ਵੀ ਮੰਨਿਆ ਹੈ ਕਿ ਇਸ ਰੁਖ਼ ਕਾਰਨ ਕੁਝ ਅਲਬਰਟਾ ਵੱਖਵਾਦੀ ਉਨ੍ਹਾਂ ਨੂੰ ਲੋਕਾਂ ਦਾ ਦੁਸ਼ਮਣ ਨੰਬਰ ਇੱਕ ਸਮਝਣ ਲੱਗ ਪਏ ਹਨ।

ਵੱਖਵਾਦੀ ਆਗੂਆਂ ਨੇ ਯੂਸੀਪੀ ਦੀ ਲੀਡਰਸ਼ਿਪ 'ਤੇ ਸਵਾਲ ਚੁੱਕੇ

ਸ਼ੁਰੂਆਤੀ ਨਤੀਜਿਆਂ ਵਿੱਚ ਵੱਖ ਹੋਣ ਵਾਲੇ ਵਿਕਲਪ ਦੀ ਹਾਰ ਦਾ ਅਨੁਮਾਨ ਸਾਹਮਣੇ ਆਉਣ ਤੋਂ ਬਾਅਦ ਅਲਬਰਟਾ ਪ੍ਰੌਸਪੈਰਿਟੀ ਪ੍ਰੋਜੈਕਟ ਦੇ ਸਹਿ-ਸੰਸਥਾਪਕ ਜੈਫਰੀ ਰੈਥ ਨੇ ਕਿਹਾ ਕਿ ਆਜ਼ਾਦੀ ਲਹਿਰ ਆਪਣਾ ਕੰਮ ਜਾਰੀ ਰੱਖੇਗੀ।ਉਨ੍ਹਾਂ ਕਿਹਾ। ਪਾਰਟੀ ਅੰਦਰ ਗੰਭੀਰ ਚਰਚਾ ਹੋਣੀ ਚਾਹੀਦੀ ਹੈ ਕਿ ਕੀ ਅਸੀਂ ਅੱਗੇ ਵੀ ਕੈਨੇਡਾ ਨਾਲ ਬਣੇ ਰਹਿਣ ਦੇ ਸਮਰਥਕ ਦੀ ਅਗਵਾਈ ਹੇਠ ਚੱਲਣਾ ਚਾਹੁੰਦੇ ਹਾਂ।

CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE,
GARAGE DOOR INSTALLATION,
NEW HOUSE FRAMING,
OLD HOUSE EXTENSION & ANY OTHER ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
LAKESIDE MEAT MASALA
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

ਕੀ ਪੰਜਾਬ ’ਚੋਂ ਖ਼ਤਮ ਹੋ ਸਕਦਾ ਹੈ ਨਸ਼ਾ ?

ਪੰਜਾਬ ਦੀ ਸੱਤਾ ’ਤੇ ਕਾਬਜ਼ ਹਰੇਕ ਸਿਆਸੀ ਪਾਰਟੀ ਆਪਣੇ ਤੋਂ ਪਹਿਲਾਂ ਸੱਤਾ ਵਿਚ ਰਹੇ ਲੋਕਾਂ ਨੂੰ ਹੀ ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰ ਲਈ ਜ਼ਿੰਮੇਵਾਰ ਦੱਸਦੀ ਹੈ ਤੇ ਕਾਨੂੰਨੀ ਕਾਰਵਾਈ ਕਰਨ ਦਾ ਢਕਵੰਜ ਵੀ ਰਚਦੀ ਹੈ ਪਰ ਅਸਲੀਅਤ ਇਹੋ ਨਿਕਲਦੀ ਹੈ ਕਿ ਨਸ਼ੇ ਖ਼ਤਮ ਕਰਨ ਲਈ ‘ਕਮਰ ਕੱਸਣ’ ਦਾ ਦਾਅਵਾ ਕਰਨ ਵਾਲੀ ਪਾਰਟੀ ਦੇ ਆਪਣੇ ਹੀ ਕਈ ਅਹੁਦੇਦਾਰਾਂ ਜਾਂ ਮੰਤਰੀਆਂ ਦੇ ਦਾਮਨ ਦੇ ‘ਦਾਗ਼ਦਾਰ’ ਨਜ਼ਰ ਆਉਂਦੇ ਹਨ । ਇਸ ਸੱਚ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਹੈ ਕਿ ਨਸ਼ਾ ਤਸਕਰ,ਪੁਲਿਸ ਅਤੇ ਸਿਆਸਤਦਾਨਾਂ ਦੇ ਗਠਜੋੜ ਤੋਂ ਬਿਨਾਂ ਕਿਸੇ ਵੀ ਇਲਾਕੇ ਵਿਚ ਨਸ਼ੀਲੇ ਪਦਾਰਥਾਂ ਦੀ ਇਕ ਨਿੱਕੀ ਜਿਹੀ ਪੁੜੀ ਵੀ ਨਹੀਂ ਵਿਕ ਸਕਦੀ ਹੈ ।

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਪੰਜਾਬ ਵਿਧਾਨ ਸਭਾ ਚੋਣਾਂ ਦੀ ਸੁਗਬੁਗਾਹਟ ਸ਼ੁਰੂ ਹੁੰਦਿਆਂ ਹੀ ਲੋਕ ਹਿੱਤਾਂ ਨਾਲ ਜੁੜੇ ਮੁੱਦੇ ਹਵਾ ਵਿਚ ਲਹਿਰਾਉਣੇ ਸ਼ੁਰੂ ਹੋ ਗਏ ਹਨ ਤੇ ਇਸ ਵੇਲੇ ਜੋ ਮੁੱਦਾ ਸਭ ਤੋਂ ਮੋਹਰੀ ਹੋ ਕੇ ਸਾਹਮਣੇ ਆ ਰਿਹਾ ਹੈ,ਉਹ ਹੈ ਪੰਜਾਬ ਦੇ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ’ਚ ਪਸਰਿਆ ਨਸ਼ਾ । ਪੰਜਾਬ ਦੀ ਸੱਤਾ ਤੋਂ ਬਾਹਰ ਬੈਠੀਆਂ ਵਿਰੋਧੀ ਪਾਰਟੀਆਂ ਤਾਂ ਨਸ਼ਾ ਖ਼ਤਮ ਕਰਨ ਲਈ ਸੱਤਾ ਦੀ ਵਾਗਡੋਰ ਜਨਤਾ ਤੋਂ ਮੰਗ ਰਹੀਆਂ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਪੌਣੇ ਪੰਜ ਸਾਲ ਦੇ ਕਰੀਬ ਰਾਜ ਕਰ ਚੱਲੀ ਆਮ ਆਦਮੀ ਪਾਰਟੀ ਵੀ ਨਸ਼ਾ ਖ਼ਤਮ ਕਰਨ ਲਈ ਅਜੇ ਪੰਜ ਸਾਲ ਹੋਰ ਮੰਗ ਰਹੀ ਹੈ । ਹੁਣ ਇਕ ਵੱਡਾ ਤੇ ਮਹੱਤਵਪੂਰਨ ਸਵਾਲ ਪੈਦਾ ਹੁੰਦਾ ਹੈ ਕਿ ਸੱਤਾਧਾਰੀ ਪਾਰਟੀ ਪੰਜਾਬ ’ਚੋਂ ਨਸ਼ਾ ਖ਼ਤਮ ਚਾਹੁੰਦੀ ਹੈ ਤੇ ਕਾਂਗਰਸ,ਸ਼੍ਰੋਮਣੀ ਅਕਾਲੀ ਦਲ, ਭਾਜਪਾ,ਬਸਪਾ,ਖੱਬੇ ਪੱਖੀ ਪਾਰਟੀਆਂ ਅਤੇ ਹੋਰ ਸਮੂਹ ਨਿੱਕੇ-ਵੱਡੇ ਸਿਆਸੀ ਦਲ ਪੰਜਾਬ ’ਚੋਂ ਨਸ਼ਾ ਖ਼ਤਮ ਹੋਇਆ ਵੇਖਣਾ ਚਾਹੁੰਦੇ ਹਨ । ਪੰਜਾਬ ਦੇ ਲੋਕ ਅਤੇ ਪੰਜਾਬ ਪੁਲਿਸ ਨਸ਼ੇ ਦਾ ਖ਼ਾਤਮਾ ਚਾਹੁੰਦੀ ਹੈ । ਪੰਜਾਬ ਦੇ ਸਮੂਹ ਸਮਾਜਿਕ ਅਤੇ ਧਾਰਮਿਕ ਸੰਗਠਨ ਅਤੇ ਸੰਸਥਾਵਾਂ ਵੀ ਪੰਜਾਬ ਦੀ ਪਾਵਨ ਧਰਤੀ ਤੋਂ ਨਸ਼ਿਆਂ ਦੀ ਸਮਾਪਤੀ ਚਾਹੁੰਦੀਆਂ ਹਨ । ਹੁਣ ਜੇਕਰ ਸਭ ਲੋਕ ਹੀ ਪੰਜਾਬ ’ਚੋਂ ਨਸ਼ਾ ਖ਼ਤਮ ਹੋਇਆ ਵੇਖਣਾ ਚਾਹੁੰਦੇ ਹਨ ਤਾਂ ਫਿਰ ਨਸ਼ਾ ਪੰਜਾਬ ’ਚ ਪੂਰੇ ਜੋਬਨ ’ਤੇ ਕਿਉਂ ਹੈ ?

ਦਰਅਸਲ ਨਸ਼ੇ ਦੀ ਇਸ ਸਮੁੱਚੀ ਸਮੱਸਿਆ ਦੇ ਤਿੰਨ ਪੱਖ ਹਨ । ਪਹਿਲਾ ਪੱਖ ਹੈ, ਸਾਡੇ ਸੂਬੇ ਪੰਜਾਬ ਦਾ ਸਰਹੱਦੀ ਸੂਬਾ ਹੋਣਾ । ਇਥੋਂ ਦੀਆਂ ਸਮਤਲ ਸਰਹੱਦਾਂ ਗੁਆਂਢੀ ਮੁਲਕਾਂ ਤੋਂ ਡਰੋਨ ਜਾਂ ਹੋਰ ਹਾਈਟੈੱਕ ਉਪਕਰਣਾਂ ਦੀ ਮਦਦ ਨਾਲ ਆਉਣ ਵਾਲੀਆਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਦਾ ਅਸਾਨ ਨਿਸ਼ਾਨਾ ਹਨ । ਹੈਰਾਨੀ ਦੀ ਗੱਲ ਹੈ ਕਿ ਜਿੱਥੇ ਇਕ ਪਾਸੇ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਆਪਣੇ ਵੱਲੋਂ ਛੇੜੀ ਗਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਅਤੇ ਡਰੱਗ ਮਨੀ ਦੀ ਬਰਾਮਦਗੀ ਦੀ ਗੱਲ ਕਰਦੇ ਹਨ,ਉੱਥੇ ਹੀ ਆਪਣੇ ਨੌਜਵਾਨ ਪੁੱਤਰ ਨਸ਼ਿਆਂ ਦੀ ਭੇਂਟ ਚੜ੍ਹਾਅ ਚੁੱਕੇ ਮਾਪੇ ਅਤੇ ਪਿੰਡਾਂ ਅਤੇ ਸ਼ਹਿਰਾਂ ਦੇ ਮੋਹਤਬਰ ਲੋਕ ਘਰ-ਘਰ ਅਤੇ ਗਲੀ-ਗਲੀ ਅੰਦਰ ਨਸ਼ਾ ਵਿਕਣ ਦੀ ਦੁਹਾਈ ਦਿੰਦੇ ਹਨ । ਹਰ ਰੋਜ਼ ਪੰਜਾਬ ਦੇ ਕਿਸੇ ਨਾ ਕਿਸੇ ਕੋਨੇ ਤੋਂ ਨਸ਼ੀਲੇ ਪਦਾਰਥ ਦੀ ਡੋਜ਼ ਲੈਂਦਿਆਂ ਮਰਨ ਵਾਲੇ ਨੌਜਵਾਨਾਂ ਸਬੰਧੀ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣ ਰਹੀਆਂ ਹਨ । ਹੋਰ ਤਾਂ ਹੋਰ ਹੁਣ ਤਾਂ ਆਪੋ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਨਸ਼ੇ ਦੇ ਸੌਦਾਗਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਲੋਕਾਂ ਦੇ ਦਿਨ ਦਿਹਾੜੇ ਕਤਲ ਹੋਣ ਲੱਗ ਪਏ ਹਨ ਜੋ ਇਹ ਬਿਆਨ ਕਰਨ ਲਈ ਕਾਫੀ ਹਨ ਕਿ ਅਰਬਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਲੋਕ ਕਿੰਨੇ ਬੇਖ਼ੌਫ਼ ਹਨ ਤੇ ਇਸਦੇ ਉਲਟ ਸੱਚ ਬੋਲਣ ਵਾਲਿਆਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪੈ ਰਹੇ ਹਨ ।

ਕਿੰਨੀ ਅਜੀਬ ਅਤੇ ਨਾ ਪਚਣਯੋਗ ਗੱਲ ਹੈ ਕਿ ਨਸ਼ਾ ਵਿਕ੍ਰੇਤਾਵਾਂ ਅਤੇ ਨਸ਼ੇੜੀਆਂ ਬਾਰੇ ਸਬੰਧਿਤ ਇਲਾਕੇ ਦੇ ਹਰੇਕ ਬੱਚੇ ਤੋਂ ਲੈ ਕੇ ਬੁੱਢੇ ਤੱਕ ਨੂੰ ਪਤਾ ਹੁੰਦਾ ਹੈ ਪਰ ਕੇਵਲ ਤੇ ਕੇਵਲ ਉਸ ਇਲਾਕੇ ਦੀ ਪੁਲਿਸ ਅਤੇ ਸੂਹੀਆ ਵਿਭਾਗਾਂ ਨੂੰ ਹੀ ਅਜਿਹੇ ਅਨਸਰਾਂ ਬਾਰ ‘ਖ਼ਬਰ’ ਨਹੀਂ ਹੁੰਦੀ ਹੈ । ਇਹ ਮੰਨਿਆ ਜਾਂਦਾ ਹੈ ਕਿ ਪੁਲਿਸ ਦੀ ਸ਼ਹਿ, ਸਮਰਥਨ ਜਾਂ ਸਹਿਯੋਗ ਨਾਲ ਕਈ ਰਸੂਖ਼ਦਾਰ ਲੋਕ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਦੇ ਹਨ ਤੇ ਇਲਾਕੇ ਦੇ ਉੱਚ ਪੁਲਿਸ ਅਫ਼ਸਰਾਂ ਅਤੇ ਸਿਆਸੀ ਆਗੂਆਂ ਤੱਕ ਉਨ੍ਹਾ ਦਾ ਬਣਦਾ ਹਿੱਸਾ ਸਮੇਂ ਸਿਰ ਪਹੁੰਚਾ ਦਿੰਦੇ ਹਨ । ਹੁਣ ਜਦੋਂ ‘ਮੀਆਂ ਬੀਵੀ ਰਾਜ਼ੀ ਤਾਂ ਕੀ ਕਰੇਗਾ ਕਾਜ਼ੀ ?’ ਵਿਚਾਰੇ ਪੀੜਿਤ ਲੋਕਾਂ ਦੀ ਦੌੜ ਪੁਲਿਸ ਜਾਂ ਇਲਾਕੇ ਦੇ ਸਿਆਸੀ ਆਗੂਆਂ ਤੱਕ ਹੀ ਹੁੰਦੀ ਹੈ ਪਰ ਜੇਕਰ ਇਹ ਦੋਵੇਂ ਧਿਰਾਂ ਹੀ ਸਬੰਧਿਤ ਇਲਾਕੇ ਵਿਚ ਨਸ਼ਿਆਂ ਦੀ ਸ਼ਰ੍ਹੇਆਮ ਵਿਕਰੀ ਲਈ ਜ਼ਿੰਮੇਵਾਰ ਹੋਣ ਤਾਂ ਫਿਰ ਐਸੀ ‘ਵਾੜ’ ਦੇ ਹੁੰਦਿਆਂ ਭਲਾ ‘ਖੇਤ’ ਨੂੰ ਕੌਣ ਬਚਾਅ ਸਕਦਾ ਹੈ?

ਪੰਜਾਬ ਦੀ ਸੱਤਾ ’ਤੇ ਕਾਬਜ਼ ਹਰੇਕ ਸਿਆਸੀ ਪਾਰਟੀ ਆਪਣੇ ਤੋਂ ਪਹਿਲਾਂ ਸੱਤਾ ਵਿਚ ਰਹੇ ਲੋਕਾਂ ਨੂੰ ਹੀ ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰ ਲਈ ਜ਼ਿੰਮੇਵਾਰ ਦੱਸਦੀ ਹੈ ਤੇ ਕਾਨੂੰਨੀ ਕਾਰਵਾਈ ਕਰਨ ਦਾ ਢਕਵੰਜ ਵੀ ਰਚਦੀ ਹੈ ਪਰ ਅਸਲੀਅਤ ਇਹੋ ਨਿਕਲਦੀ ਹੈ ਕਿ ਨਸ਼ੇ ਖ਼ਤਮ ਕਰਨ ਲਈ ‘ਕਮਰ ਕੱਸਣ’ ਦਾ ਦਾਅਵਾ ਕਰਨ ਵਾਲੀ ਪਾਰਟੀ ਦੇ ਆਪਣੇ ਹੀ ਕਈ ਅਹੁਦੇਦਾਰਾਂ ਜਾਂ ਮੰਤਰੀਆਂ ਦੇ ਦਾਮਨ ਦੇ ‘ਦਾਗ਼ਦਾਰ’ ਨਜ਼ਰ ਆਉਂਦੇ ਹਨ । ਇਸ ਸੱਚ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਹੈ ਕਿ ਨਸ਼ਾ ਤਸਕਰ,ਪੁਲਿਸ ਅਤੇ ਸਿਆਸਤਦਾਨਾਂ ਦੇ ਗਠਜੋੜ ਤੋਂ ਬਿਨਾਂ ਕਿਸੇ ਵੀ ਇਲਾਕੇ ਵਿਚ ਨਸ਼ੀਲੇ ਪਦਾਰਥਾਂ ਦੀ ਇਕ ਨਿੱਕੀ ਜਿਹੀ ਪੁੜੀ ਵੀ ਨਹੀਂ ਵਿਕ ਸਕਦੀ ਹੈ ।

ਨਸ਼ਿਆਂ ਦੇ ਕਾਰਨ ਆਪਣੇ ਪਿਤਾ,ਪੁੱਤ ਜਾਂ ਪੋਤੇ ਗੁਆ ਬੈਠੇ ਲੋਕ ਉਕਤ ‘ਨਾਪਾਕ ਗਠਜੋੜ’ ਮੂਹਰੇ ਆਪਣੇ ਆਪ ਨੂੰ ਬੌਣਾ ਅਤੇ ਕਮਜ਼ੋਰ ਮਹਿਸੂਸ ਕਰਦੇ ਹਨ । ਉਨ੍ਹਾ ਵਿਚਾਰਿਆਂ ਦੇ ‘ਸਰਕਾਰੇ-ਦਰਬਾਰੇ’ ਕਿਧਰੇ ਵੀ ਸੁਣਵਾਈ ਨਹੀਂ ਹੁੰਦੀ ਹੈ । ਨਸ਼ੀਲੇ ਪਦਾਰਥਾਂ ਦੇ ਸ਼ਿਕਾਰ ਉਨ੍ਹਾ ਦੇ ਪਰਿਵਾਰਕ ਮੈਂਬਰ ਜ਼ਮੀਨ ਜਾਇਦਾਦ ਵੀ ਵਿਕਵਾ ਜਾਂਦੇ ਹਨ ਤੇ ਆਪ ਵੀ ਇਸ ਜਹਾਨੋਂ ਤੁਰ ਜਾਂਦੇ ਹਨ । ਲਾਚਾਰ ਤੇ ਬੇਵੱਸ ਮਾਪਿਆਂ,ਭੈਣ-ਭਰਾਵਾਂ ਜਾਂ ਪਤਨੀਆਂ ਦੇ ਪੱਲੇ ਕੱਖ ਨਹੀਂ ਰਹਿੰਦਾ ਹੈ ਤੇ ਇਨਸਾਫ਼ ਤਾਂ ਉਨ੍ਹਾ ਨੂੰ ਕਦੇ ਵੀ ਨਹੀਂ ਮਿਲਦਾ ਹੈ । ਨਸ਼ਾ ਤਸਕਰ ਬੁੱਕਦੇ ਹੋਏ ਉਨ੍ਹਾ ਦੇ ਮੂਹਰਿਉਂ ਲੰਘਦੇ ਹਨ ਤੇ ਉਲਟਾ ਪੀੜਿਤਾਂ ਨੂੰ ਹੀ ਸਿਰ ਝੁਕਾਅ ਕੇ ਲੰਘਣਾ ਪੈਂਦਾ ਹੈ । ਉਨ੍ਹਾ ਦੀ ਹਾਲਤ ‘ਧਰਤੀ ਹੇਠਲੇ ਬਲਦ’ ਵਰਗੀ ਹੋ ਜਾਂਦੀ ਹੈ ।

ਪੰਜਾਬ ’ਚੋਂ ਨਸ਼ਾ ਖ਼ਤਮ ਕਰਨਾ ਜੇ ਆਸਾਨ ਨਹੀਂ ਤਾਂ ਮੁਸ਼ਕਿਲ ਵੀ ਨਹੀਂ ਹੈ । ਜੇਕਰ ਪੁਲਿਸ ਅਤੇ ਸਿਆਸਤਦਾਨ ਈਮਾਨਦਾਰੀ ਨਾਲ ਆਪੋ ਆਪਣੇ ਫ਼ਰਜਾਂ ਨੂੰ ਅੰਜਾਮ ਦੇਣ ਅਤੇ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਬੰਦ ਕਰ ਦੇਣ ਤਾਂ ਸੈਂਕੜੇ ਘਰਾਂ ’ਚ ਸੱਥਰ ਵਿਛਣ ’ਤੇ ਰੋਕ ਲੱਗ ਸਕਦੀ ਹੈ । ਨੌਜਵਾਨਾਂ ਨੂੰ ਹੱਥਾਂ ਵਿਚ ਨਸ਼ੇ ਦੀਆਂ ਪੁੜੀਆਂ ਦੀ ਥਾਂ ਹੁਨਰ ਤੇ ਰੁਜ਼ਗਾਰ ਦੇਣ ਦੀ ਲੋੜ ਹੈ । ਸਰਹੱਦ ਪਾਰ ਤੋਂ ਆਉਣ ਵਾਲਾ ਨਸ਼ਾ @ਆਉਂਦਾ’ ਨਹੀਂ ਹੈ ‘ਮੰਗਵਾਇਆ’ ਜਾਂਦਾ ਹੈ । ਜੇਕਰ ਮੰਗ ਹੀ ਨਹੀਂ ਹੋਵੇਗੀ ਤਾਂ ਫਿਰ ਨਸ਼ਾ ਆਵੇਗਾ ਹੀ ਕਿਉਂ ? ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੇ ਹਜ਼ਾਰਾਂ ਲਾਇਸੈਂਸਸ਼ੁਦਾ ਠੇਕੇ ਮੌਜੂਦ ਹੋਣ ਦੇ ਬਾਵਜੂਦ ਲੋਕ ਮਹਿੰਗੇ ਅਤੇ ਜਾਨਲੇਵਾ ਨਸ਼ੀਲੇ ਪਦਾਰਥ ਲੈਣ ਨੂੰ ਤਰਜੀਹ ਕਿਉਂ ਦਿੰਦੇ ਹਨ ? ਕੌਣ ਉਨ੍ਹਾ ਨੂੰ ਹੈਰੋਇਨ ਜਾਂ ਕੋਕੀਨ ਜਾਂ ਚਿੱਟੇ ਵਰਗੇ ਮਹਿੰਗੇ ਅਤੇ ਸਿੰਥੈਟਿਕ ਨਸ਼ਿਆਂ ਦੀ ਚਾਟੇ ਲਗਾਉਂਦਾ ਹੈ ? ਨਸ਼ਾ ਵੇਚਣ ਵਾਲਿਆਂ ਦੀ ਪਹਿਚਾਣ ਹੋਣ ਦੇ ਬਾਵਜੂਦ ਪੁਲਿਸ ਉਨ੍ਹਾ ਨੂੰ ਹੱਥ ਕਿਉਂ ਨਹੀਂ ਪਾਉਂਦੀ ਹੈ ? ਨਸ਼ੀਲੇ ਪਦਾਰਥ ਵੇਚਣ ਵਾਲਾ ਸ਼ਖ਼ਸ ਪੁਲਿਸ ਵੱਲੋਂ ਫੜ੍ਹ ਲਏ ਜਾਣ ਪਿੱਛੋਂ ਰਿਹਾਅ ਕਿਵੇਂ ਹੋ ਜਾਂਦਾ ਹੈ ਤੇ ਕਈ ਸਾਰੇ ਦਰਜ ਪਰਚਿਆਂ ਦੇ ਬਾਵਜੂਦ ਅਪਰਾਧੀਨੁਮਾ ਲੋਕ ਸਮਾਜ ਵਿਚ ਕਿਵੇਂ ਵਿਚਰ ਪਾਉਂਦੇ ਹਨ ।? ਉਨ੍ਹਾ ਨੂੰ ਪੱਕੇ ਹੀ ਸਲਾਖਾਂ ਪਿੱਛੇ ਕਿਉਂ ਨਹੀਂ ਸੁੱਟ ਦਿੱਤਾ ਜਾਂਦਾ ਹੈ ? ਲੋਕਾਂ ਨੂੰ ਨਸ਼ਾ ਤਸਕਰਾਂ ਖ਼ਿਲਾਫ਼ ਕੇਸ ਦਰਜ ਕਰਵਾਉਣ ਲਈ ਆਪਣੇ ਮ੍ਰਿਕ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਥਾਣਿਆਂ ਮੂਹਰੇ ਜਾਂ ਚੌਕਾਂ ਵਿਚ ਰੱਖ ਕੇ ਧਰਨੇ ਲਗਾਉਣ ਦੀ ਨੌਬਤ ਆਉਂਦੀ ਹੀ ਕਿਉਂ ਹੈ ? ਜੇਕਰ ਪੰਜਾਬ ਪੁਲਿਸ ਪੰਜਾਬ ਵਿੱਚੋਂ ‘ਖਾੜਕੂਵਾਦ’ ਨੂੰ ਖ਼ਤਮ ਕਰਨ ’ਚ ਸਫ਼ਲ ਰਹੀ ਸੀ ਤਾਂ ਫਿਰ ਹੁਣ ਨਸ਼ਾ ਤਸਕਰਾਂ ਤੇ ਗੈਂਗਸਟਰਾਂ ਦੀਆਂ ਗਰਦਨਾਂ ਨੂੰ ਹੱਥ ਪਾਉਣ ਲੱਗਿਆਂ ਉਸਦੇ ਹੱਥ ਕਿਉਂ ਕੰਬਦੇ ਹਨ ? ਨਸ਼ਾ ਤਸਕਰੀ ਕਰਨ ਵਾਲੇ ਜਾਂ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰਨ ਵਾਲੇ ਸਿਆਸਤਦਾਨਾਂ ਨੂੰ ਉਨ੍ਹਾ ਦੀਆਂ ਸਬੰਧਿਤ ਪਾਰਟੀਆਂ , ਆਪਣੀ ਪਾਰਟੀ ’ਚੋਂ ਕੱਢਣ ਦੇ ਨਾਲ -ਨਾਲ ਖ਼ੁਦ ਹੀ ਪੁਲਿਸ ਦੇ ਹਵਾਲੇ ਕਰਕੇ ਮਿਸਾਲ ਪੈਦਾ ਕਿਉਂ ਨਹੀਂ ਕਰਦੀਆਂ ਹਨ ? ਸਮੂਹ ਪੀੜਿਤ ਲੋਕ ਆਪਣੀ ਇਕ ਜਥੇਬੰਦੀ ਕਾਇਮ ਕਰਕੇ ਸਰਕਾਰ ਨੂੰ ਨਸ਼ਾ ਤਸਕਰਾਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਲਈ ਮਜਬੂਰ ਕਿਉਂ ਨਹੀਂ ਕਰਦੇ ਹਨ ? ਸਮੁੱਚਾ ਮੀਡੀਆ ਵੀ ‘ਇਨਵੈਸਟੀਗੇਟਿੰਗ ਜਨਰਲਿਜ਼ਮ’ ਦੀ ਵਰਤੋਂ ਕਰਦਿਆਂ ਖ਼ੁਦ ਖੋਜ ਕਰਕੇ ਅਪਰਾਧੀਆਂ ਦੇ ਚਿਹਰੇ ਬੇਨਕਾਬ ਕਿਉਂ ਨਹੀਂ ਕਰਦਾ ਹੈ ? ਮੁੱਕਦੀ ਗੱਲ ਹੈ ਕਿ ਜਿਸ ਦਿਨ ਉਪਰੋਕਤ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ,ਉਸ ਦਿਨ ਪੰਜਾਬ ’ਚੋਂ ਨਸ਼ੇ ਦਾ ਨਾਮੋਨਿਸ਼ਾਨ ਮਿਟ ਜਾਵੇਗਾ ।

ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ‘‘ਪੰਜਾਬੀ ਅਖ਼ਬਾਰ’’ ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ‘‘ਪੰਜਾਬੀ ਅਖ਼ਬਾਰ’’ ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

ਡਾ. ਸੇਵਾ ਸਿੰਘ ਪ੍ਰੇਮੀ ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਮੁੜ ਪ੍ਰਧਾਨ ਚੁਣੇ ਗਏ

ਕੈਲਗਰੀ – ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦਾ ਸਾਲਾਨਾ ਵਿਧੀ-ਵਤ ਇਜਲਾਸ 17 ਅਕਤੂਬਰ, 2026 ਨੂੰ ਇਸ ਦੇ ਦਫ਼ਤਰ ਵਿਖੇ ਹੋਇਆ। ਸਕੱਤਰ ਅਮਰੀਕ ਸਿੰਘ ਸਰੋਆ ਨੇ ਏਜੰਡੇ ਬਾਰੇ ਦੱਸਿਆ ਅਤੇ ਨਵੇਂ ਬਣੇ ਮੈਂਬਰਾਂ ਨਾਲ਼ ਜਾਣ-ਪਛਾਣ ਕਰਵਾਈ। ਪ੍ਰਧਾਨ ਡਾ. ਸੇਵਾ ਸਿੰਘ ਪ੍ਰੇਮੀ ਨੇ ਪਿਛਲੇ ਦੋ ਸਾਲਾਂ ਦੀਆ ਸਰਗਮੀਆਂ ਅਤੇ ਪ੍ਰੋਗਰਾਮਾਂ ਦੀ ਰਿਪੋਰਟ ਪੇਸ਼ ਕੀਤੀ। ਅਕਤੂਬਰ, 2025 ਤੋਂ ਸਤੰਬਰ, 2026 ਤੱਕ ਦੇ ਆਮਦਨ ਖਰਚ ਦਾ ਲੇਖਾ-ਜੋਖਾ ਸਾਹਮਣੇ ਰੱਖਿਆ। ਕੈਸੀਨੋ ਦੁਆਰਾ ਪ੍ਰਾਪਤ ਰਾਸ਼ੀ, ਖਰਚੇ ਅਤੇ ਬਾਕੀ ਰਕਮ ਦੇ ਅੰਕੜੇ ਪੇਸ਼ ਕੀਤੇ। ਇਹ ਵੀ ਦੱਸਿਆ ਕਿ ਅਬਨਾਸ਼ ਸਿੰਘ ਰਾਣਾ ਨਿਯਮਾਂ ਅਨੁਸਾਰ ਕੈਸੀਨੋ ਫੰਡ ਦੇ ਚੇਅਰਮੈਨ ਵਜੋਂ ਜ਼ਿੰਮੇਵਾਰੀ ਨਿਭਾ ਰਹੇ ਹਨ। ਐਸੋਸੀਏਸ਼ਨ ਦੁਆਰਾ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਵਿਸਥਾਰ ਵਿਚ ਦੱਸਿਆ। ਨਵੀਂ ਕਾਰਜਕਾਰਨੀ (Representative Council) ਦੀ ਚੋਣ ਦਿਲਜੀਤ ਸਿੰਘ ਜੌਹਲ ਚੇਅਰਮੈਨ, ਮਨਜੀਤ ਸਿੰਘ ਭਿੰਡਰ ਅਤੇ ਬਲਜੀਤ ਸਿੰਘ ਪੁਰਬਾ ਮੈਂਬਰਾਂ ਦੇ ਪੈਨਲ ਦੀ ਨਿਗਰਾਨੀ ਹੇਠ ਸਰਬਸੰਮਤੀ ਨਾਲ਼ ਹੋਈ ਜਿਸ ਦਾ ਉਨ੍ਹਾਂ ਨੇ ਇਉਂ ਐਲਾਨ ਕੀਤਾ – ਡਾ. ਸੇਵਾ ਸਿੰਘ ਪ੍ਰੇਮੀ ਪ੍ਰਧਾਨ, ਹਰਚੰਦ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਬਚਨ ਸਿੰਘ ਸਰਵਾਰਾ ਮੀਤ ਪ੍ਰਧਾਨ, ਅਮਰੀਕ ਸਿੰਘ ਸਰੋਆ ਸਕੱਤਰ, ਬਲਵਿੰਦਰ ਸਿੰਘ ਵਿਰਦੀ ਸੰਯੁਕਤ ਸਕੱਤਰ, ਸਵਿੰਦਰ ਸਿੰਘ ਫਰਮਾਨ ਖ਼ਜ਼ਾਨਚੀ, ਗੁਰਮੇਲ ਸਿੰਘ ਗਰੇਵਾਲ਼, ਕੁਲਦੀਪ ਸਿੰਘ ਚੌਹਾਨ ਅਤੇ ਅਬਨਾਸ਼ ਸਿੰਘ ਰਾਣਾ ਡਾਇਰੈਕਟਰ। ਸਤੰਬਰ ਅਤੇ ਅਕਤੂਬਰ ਵਿਚ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਕੇਕ ਕੱਟਣ ਦੀ ਰਸਮ ਨਾਲ਼ ਮੁਬਾਰਕਾਂ ਪਰੋਸੀਆਂ ਗਈਆਂ। ਡਾ. ਸੇਵਾ ਸਿੰਘ ਪ੍ਰੇਮੀ ਨੂੰ South Asian Inspiration Awards Society and Sifarish Network ਵੱਲੋਂ Lifetime Achievement Award ਮਿਲਣ ਲਈ ਉਨ੍ਹਾਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਇਹ ਐਸੋਸੀਏਸ਼ਨ ਲਈ ਵੀ ਮਾਣ ਦੀ ਗੱਲ ਹੈ। ਸੁਖਮੰਦਰ ਗਿੱਲ ਨੇ ਤਿੰਨ ਗਾਣੇ ਗਾ ਕੇ ਵਾਹਵਾ ਮਨੋਰੰਜਨ ਕੀਤਾ। ਕੁਲਦੀਪ ਕੌਰ ਘਟੌੜਾ ਨੇ ਐਸੋਸੀਏਸ਼ਨ ਵਿਚ ਹੋ ਰਹੇ ਵਿਕਾਸ ਬਾਰੇ ਕਾਰਜਕਾਰਨੀ ਨੂੰ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਅਜਿਹਾ ਪਿਆਰ, ਸੇਵਾ-ਭਾਵ, ਮਿਹਨਤ, ਲਗਨ ਅਤੇ ਅਨੁਸ਼ਾਸ਼ਨ ਸਦਕਾ ਹੋ ਸਕਿਆ ਹੈ। ਜਗਦੇਵ ਸਿੱਧੂ ਨੇ ਵੀ ਇਸ ਦੀ ਪ੍ਰੋੜ੍ਹਤਾ ਕੀਤੀ। ਗੁਰਦਿਆਲ ਸਿੰਘ ਖਹਿਰਾ, ਜਰਨੈਲ ਤੱਗੜ ਅਤੇ ਬਲਵਿੰਦਰ ਸਿੰਘ ਵਿਰਦੀ ਨੇ ਕਵਿਤਾਵਾਂ ਦਾ ਉਚਾਰਨ ਕੀਤਾ। ਜਗਦੀਸ਼ ਕੌਰ ਸਰੋਆ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਨੂੰ ਇਸ ਕਵਿਤਾ ਰਾਹੀਂ ਅਕੀਦਾ ਪੇਸ਼ ਕੀਤਾ – ਤੇਰੇ ਵਰਗੇ ਪੁੱਤ ਭਗਤ ਸਿਆਂ ਫੇਰ ਨੀਂ ਜੰਮਣੇ ਮਾਵਾਂ ਨੇ। ਦਿਲਾਵਰ ਸਮਰਾ ਨੇ ਕਿਹਾ ਕਿ ਜਿਸ ਕਾਗਜ਼ ਉਪਰ ਗੁਰਬਾਣੀ ਅੰਕਿਤ ਹੋ ਜਾਵੇ, ਉਸ ਦੀ ਉਮਰ ਸਦੀਵੀ ਹੋ ਜਾਂਦੀ ਹੈ। ਸੁਖਦੇਵ ਬੈਂਸ ਨੇ ਜੈਨੇਸਿਸ ਸੈਂਟਰ ਵਿਖੇ ਹੋਣ ਵਾਲ਼ੇ ਇਕ ਪ੍ਰੋਗਰਾਮ ਦੀ ਸੂਚਨਾ ਦਿੱਤੀ। ਲੰਮੇਂ ਸਮੇਂ ਤੋਂ ਏਅਰਪੋਰਟ 'ਤੇ ਬਤੌਰ ਟ੍ਰੇਨਿੰਗ ਸੁਪਰਵਾਈਜ਼ਰ ਸੇਵਾਵਾਂ ਨਿਭਾ ਰਹੇ ਲਖਵਿੰਦਰ ਸਿੰਘ ਮਾਨ ਨੇ ਇਸ ਬਾਰੇ ਜਾਣਕਾਰੀ ਦਿੱਤੀ। ਅਖੀਰ ਵਿਚ ਡਾ. ਸੇਵਾ ਸਿੰਘ ਪ੍ਰੇਮੀ ਨੇ ਹੋ ਰਹੇ ਰਿਫਰੈਂਡਮ ਦੀ ਅਹਿਮੀਅਤ ਦੱਸ ਕੇ ਸਾਰਿਆਂ ਨੂੰ ਕੈਨੇਡਾ ਦੇ ਹੱਕ ਵਿਚ ਭੁਗਤਣ ਦੀ ਅਪੀਲ ਕੀਤੀ, 11 ਨਵੰਬਰ ਨੂੰ ਯਾਦਗਾਰ-ਦਿਵਸ ਮਨਾਉਣ ਦੀ ਸੂਚਨਾ ਦਿੱਤੀ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਪਰੋਸੇ ਗਏ ਸਰ੍ਹੋਂ ਦੇ ਸਾਗ, ਮੱਕੀ ਦੀ ਰੋਟੀ ਅਤੇ ਸੂਜ਼ੀ ਦੇ ਹਲਵੇ ਦਾ ਸਵਾਦ ਦੇਰ ਤੱਕ ਯਾਦ ਰਹੇਗਾ।

ਇਉਂ ਦੇਖਿਆ ਮੈਂ ਮੋਹਨ ਸਿੰਘ ਮੇਲਾ

ਗੁਰਮੀਤ ਸਿੰਘ ਖੁੱਡੀਆ

ਅਕਤੂਬਰ ਦੇ ਮਹੀਨੇ ਮੋਹਨ ਸਿੰਘ ਦਾ ਮੇਲਾ ਬੜਾ ਯਾਦ ਆਉਂਦਾ ਹੈ। ਇਹ ਗੱਲ 1996 ਦੇ ਸਾਲ ਦੀ ਹੋਵੇਗੀ ਤੇ ਅਕਤੂਬਰ ਦਾ ਹੀ ਮਹੀਨਾ ਸੀ। ਲੁਧਿਆਣੇ ਪੰਜਾਬੀ ਭਵਨ ਵਿੱਚ ਲੱਗਣ ਵਾਲੇ ਪ੍ਰੋ ਮੋਹਨ ਸਿੰਘ ਮੇਲੇ ਤੇ ਕਲਾਕਾਰਾਂ ਦੇ ਸਾਂਝੇ ਬਾਪੂ ਜਗਦੇਵ ਸਿੰਘ ਜੱਸੋਵਾਲ ਦੀ ਪੂਰੀ ਧੁੰਮ ਪੈਂਦੀ ਹੁੰਦੀ ਸੀ। ਮੇਰੇ ਕੁੱਝ ਦੋਸਤ ਆਖਣ ਲੱਗੇ ਕਿ ਬਾਈ ਗੁਰਮੀਤ, ਆਪਾਂ ਏਸ ਵਾਰੀ ਮੋਹਨ ਸਿੰਘ ਦੇ ਮੇਲੇ ਉਤੇ ਗਾਇਕਾਂ ਨੂੰ ਸੁਣਨ ਜਾਣਾ ਐ। ਮੇਰੇ ਕੋਲ ਉਦੋਂ ਜੀਪ ਹੁੰਦੀ ਸੀ, ਜੇਬਾਂ ਵੀ ਤੰਗ ਹੀ ਸਨ, ਸੋ ਅਸੀਂ ਤਿੰਨ ਦੋਸਤ ਜੀਪ ਵਿੱਚ ਬੈਠਕੇ ਲੁਧਿਆਣੇ ਦੇ ਪੰਜਾਬੀ ਭਵਨ ਪਹੁੰਚ ਗਏ। ਸਾਡਾ ਪ੍ਰੋਗਰਾਮ ਸੀ ਕਿ ਗਾਇਕਾਂ ਨੂੰ ਸੁਣਾਂਗੇ, ਮੇਲਾ ਵੇਖਾਂਗੇ, ਕਿਸੇ ਆਮ ਜਿਹੇ ਢਾਬੇ ਤੋਂ ਰੋਟੀ ਖਾਵਾਂਗੇ ਤੇ ਮੇਲੇ ਦੇ ਗਰਾਊਂਡ ਵਿੱਚ ਪਈ ਪਰਾਲੀ ਉਤੇ ਸੌਂ ਕੇ ਰਾਤ ਕੱਟ ਲਵਾਂਗੇ। ਅਸੀਂ ਲੋਈਆਂ ਤੇ ਖੇਸ ਵੀ ਨਾਲ ਲੈ ਕੇ ਗਏ ਸਾਂ। ਜਦ ਮੇਲੇ ਵਿੱਚ ਵੜੇ, ਤਾਂ ਦੇਖਿਆ ਕਿ ਇਕੱਠ ਬਹੁਤ ਜਿਆਦਾ ਸੀ, ਤਿੱਲ ਸੁੱਟਣ ਨੂੰ ਥਾਂ ਨਾ ਲੱਭੇ ਵਾਲੀ ਗੱਲ ਹੋਈ ਪਈ ਸੀ। ਅਸੀਂ ਜਾ ਕੇ ਸਰੋਤਿਆਂ ਵਿੱਚ ਬੈਠ ਗਏ। ਦੋ ਮੁੰਡੇ ਗਾ ਰਹੇ ਸੀ, ਉਨਾਂ ਦਾ ਨਾਂ ਭੁੱਲ ਗਿਆ ਹਨ, ਤੇ ਗੁਰਭਜਨ ਗਿੱਲ ਸਟੇਜ ਸੈਕਟਰੀ ਸੀ, ਸਾਡਾ ਇੱਕ ਮਿੱਤਰ ਜਸਵੰਤ ਸਿੰਘ ਛਾਪਾ ਵੀ ਮੇਲੇ ਵਿੱਚ ਪ੍ਰਬੰਧਕ ਸੀ ਤੇ ਉਸਦੇ ਪਿਤਾ ਜੀ ਟਕਸਾਲੀ ਅਕਾਲੀ ਆਗੂ ਉਜਾਗਰ ਸਿੰਘ ਛਾਪਾ ਮੇਰੇ ਪਿਤਾ ਜੀ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਨਾਲ ਇਕੱਠੇ ਰਹੇ ਸਨ, ਛਾਪੇ ਨੇ ਮੈਨੂੰ ਮੇਲੇ ਵਿੱਚ ਆਇਆਂ ਦੇਖਕੇ ਗੁਰਭਜਨ ਜੀ ਨੂੰ ਦੱਸ ਦਿੱਤਾ ਤੇ ਉਨਾਂ ਨੇ ਸਟੇਜ ਉਤੋਂ ਬੋਲਿਆ ਕਿ ਸਾਡੇ ਕੋਲ ਸਾਬਕਾ ਮੈਂਬਰ ਪਾਰਲੀਮੈਂਟ ਤੇ ਇਮਾਨਦਾਰ ਆਗੂ ਜਥੇਦਾਰ ਖੁੱਡੀਆਂ ਜੀ ਦੇ ਬੇਟੇ ਗੁਰਮੀਤ ਸਿੰਘ ਖੁੱਡੀਆਂ ਪੁੱਜੇ ਹੋਏ ਨੇ, ਉਹ ਸਟੇਜ ਉਤੇ ਆਉਣ ਤੇ ਕਲਾਕਾਰਾਂ ਦਾ ਸਨਮਾਨ ਕਰਨ, ਮੈਂ ਸੰਗਦਾ ਸੰਗਦਾ ਸਟੇਜ ਉਤੇ ਗਿਆ ਤਾ ਮੈਥੋਂ ਕਲਾਕਾਰ ਸਨਮਾਨਿਤ ਕਰਵਾਏ। ਅਸੀਂ ਤਾਂ ਪਰਾਲੀ ਉਤੇ ਸੌਣ ਗਏ ਸਾਂ, ਤੇ ਬਣਾ ਦਿੱਤੇ ਮੁੱਖ ਮਹਿਮਾਨ। ਖੈਰ, ਮੈਂ ਬੜੇ ਅਦਬ ਨਾਲ ਰਸਮ ਨਿਭਾਈ ਤੇ ਸਟੇਜ ਉਤੋਂ ਹੇਠਾਂ ਆਣ ਕੇ ਸਰੋਤਿਆਂ ਵਿੱਚ ਬੈਠ ਗਿਆ। ਜਗਦੇਵ ਸਿੰਘ ਜੱਸੋਵਾਲ ਨੇ ਬੜਾ ਆਦਰ ਦਿੱਤਾ ਤੇ ਆਖਿਆ ਕਿ ਗੁਰਮੀਤ ਬੇਟਾ, ਤੇਰਾ ਬਾਪੂ ਜਥੇਦਾਰ ਜਗਦੇਵ ਸਿੰਘ ਸਾਡਾ ਸੱਚਾ ਸੁੱਚਾ ਆੜੀ ਸੀ। ਮੈਨੂੰ ਉਸ ਦਿਨ ਪਤਾ ਲੱਗਿਆ ਕਿ ਜਸੋਵਾਲ ਜੀ ਸਾਡੇ ਪਿਤਾ ਜੀ ਦੇ ਸਮਕਾਲੀ ਸਨ। ਉਥੇ ਹੀ ਹਰਭਜਨ ਬਾਜਵਾ ਮਿਲ ਗਿਆ, ਜੋ ਫੋਟੋਆਂ ਖਿੱਚ ਰਿਹਾ ਸੀ ਸਾਰੇ ਮੇਲੇ ਦੀਆਂ। ਕਿਸੇ ਨੇ ਮੇਰੀ ਉਹਦੇ ਨਾਲ ਜਦ ਜਾਣ ਪਛਾਣ ਕਰਵਾਈ, ਤਾਂ ਉਹ ਬੋਲਿਆ ਕਿ ਏਹ ਮੇਰਾ ਭਤੀਜ ਏ, ਏਹਦੇ ਬਾਪੂ ਦੀਆਂ ਤਸਵੀਰਾਂ ਤੀਹ ਸਾਲ ਪਹਿਲਾਂ ਜੋ ਮੈਂ ਖਿੱਚੀਆਂ ਨੇ, ਉਹ ਇਤਿਹਾਸ ਨੇ ਮੇਰੇ ਕੋਲ ਸਾਂਭਿਆ ਹੋਇਆ। ਮੈਂ ਆਖਿਆ ਕਿ ਅੰਕਲ ਜੀ ? ਉਹ ਫੋਟੋਆਂ ਦੇ ਦੇਵੋ, ਬਾਜਵਾ ਜੀ ਬੋਲੇ ਕਿ ਬੇਟਾ, ਹਾਲੇ ਨਹੀਂ, ਜਦ ਕੋਈ ਸਮਾਂ ਆਇਆ ਫਿਰ ਦਿਆਂਗਾ ਤੇਰੇ ਬਾਪੂ ਦੇ ਫੋਟੋ।

ਅਸੀਂ ਕਿਸੇ ਪਾਰਕ ਦੇ ਬੈਂਚਾਂ ਜਾਂ ਮੇਲੇ ਦੇ ਪੰਡਾਲ ਦੀ ਪਰਾਲੀ ਉਤੇ ਸੌਣ ਨੂੰ ਥਾਂ ਲੱਭ ਰਹੇ ਸਾਂ ਕਿ ਜਸਵੰਤ ਸਿੰਘ ਛਾਪਾ ਕਹਿੰਦਾ ਕਿ ਮੈਂ ਤੁਹਾਡਾ ਹੋਟਲ ਬੁੱਕ ਕਰਵਾ ਦਿੱਤਾ ਹੈ। ਅਸੀਂ ਮੇਲੇ ਵਿੱਚ ਲੱਗਿਆ ਲੰਗਰ ਛਕ ਕੇ ਹੋਟਲ ਆ ਗਏ। ਹੋਟਲ ਆਣ ਕੇ ਸਾਨੂੰ ਫਿਕਰ ਪਿਆ ਹੋਇਆ ਕਿ ਸਵੇਰੇ ਕਮਰੇ ਦਾ ਕਿਰਾਇਆ ਕਿਵੇਂ ਤਾਰਾਂਗੇ ? ਮੇਰੀ ਜੇਬ ਵਿੱਚ ਲਗਪਗ ਢਾਈ ਤਿੰਨ ਸੌ ਰੁਪਏ ਸੀ। ਮੈਂ ਸਾਥੀਆਂ ਨੂੰ ਆਖਿਆ ਕਿ ਕੋਈ ਨਾ, ਲੰਗਰ ਮੇਲੇ ਵਿਚੋਂ ਛਕ ਲਿਆ ਐ, ਇੱਕ ਵਾਰ ਸੌਂ ਜਾਓ, ਸਵੇਰੇ ਦੇਖਾਂਗੇ ਕੀ ਬਣਦਾ ਐ।

ਸਵੇਰੇ ਉੱਠੇ ਤਾਂ ਮੈਂ ਇੱਕ ਸਾਥੀ ਨੂੰ ਆਖਿਆ ਕਿ ਯਾਰ, ਚਾਹ ਦਾ ਕੋਈ ਜੁਗਾੜ ਕਰੋ। ਸਾਥੀ ਰਿਸੈਪਸ਼ਿਨ ਉਤੇ ਆਇਆ, ਚਾਹ ਦੇ ਕੱਪ ਦਾ ਰੇਟ ਪੁੱਛਿਆ ਤੇ ਰਿਸੈਪਸ਼ਿਨ ਵਾਲੇ ਨੇ ਕਿਹਾ ਕਿ ਇੱਕ ਕੱਪ ਪੰਜ ਰੁਪੱਈਏ ਦਾ ਹੈ ਪਰ ਆਪ ਕਮਰੇ ਵਿੱਚ ਜਾਓ, ਚਾਹ ਭੇਜ ਰਹੇ ਹਾਂ ਤੇ ਇਹ ਦੱਸੋ ਕਿ ਬਰੇਕਫਾਸਟ ਵਿੱਚ ਕੀ ਖਾਓਗੇ। ਸਾਡ ਸਾਥੀ ਬੋਲਿਆ ਕਿ ਸਾਡੇ ਕੋਲ ਤਾਂ ਏਨਾ ਖਰਚਾ ਕਰਨ ਜੋਕਰੇ ਪੈਸੇ ਹੀ ਨਹੀਂ ਹਨ। ਰਿਸੈਪਸ਼ਿਨ ਵਾਲੇ ਨੇ ਆਖਿਆ ਕਿ ਪ੍ਰਬੰਧਕ ਕਹਿ ਗਏ ਸਨ ਕਿ ਇਨਾਂ ਤੋਂ ਕੋਈ ਪੈਸਾ ਨਹੀਂ ਲੈਣਾ, ਤੁਸੀਂ ਕਮਰੇ ਵਿੱਚ ਜਾਓ ਤੇ ਖਾਓ ਪੀਓ ਜਾ ਕੇ, ਸਭ ਮੁਫਤ ਹੈ ਤੁਹਾਨੂੰ। ਸੋ, ਫਿਰ ਅਸੀਂ ਸਭ ਨੇ ਇਸ਼ਨਾਨ ਵਗੈਰਾ ਕਰ ਕੇ ਦਹੀਂ ਤੇ ਅਚਾਰ ਨਾਲ ਆਲੂਆਂ ਵਾਲੇ ਪਰੌਂਠੇ ਰੱਜ ਕੇ ਛਕੇ। ਅਸੀਂ ਸਾਰੇ ਬੜੇ ਖੁਸ਼ ਕਿ ਬੜੀ ਆਓ ਭਗਤ ਹੋਈ ਹੈ।

ਸੋ, ਮੇਲਾ ਮਨੋਂ ਨਾ ਵਿੱਸਰਿਆ। ਲੰਬਾ ਸਮਾਂ ਬੀਤ ਗਿਆ ਤੇ ਫਿਰ ਆਹ ਦਿਨ ਆ ਗਏ, ਮੰਤਰੀ ਪਦ ਮਿਲ ਗਿਆ ਤੇ ਇੱਕ ਦਿਨ ਫੋਨ ਆਇਆ ਗੁਰਭਜਨ ਜੀ ਦਾ ਕਿ ਆਪ ਬਾਈ ਜੀ ਬਤੌਰ ਮੁੱਖ ਮਹਿਮਾਨ ਮੇਲੇ ਵਿੱਚ ਆਵੋ। ਸੋ ਇਸ ਤੋਂ ਵਧ ਖੁਸ਼ੀ ਕੀ ਹੋ ਸਕਦੀ ਸੀ ?ਮੈਂ ਪੰਜਾਬੀ ਭਵਨ ਪੁੱਜ ਗਿਆ। ਉਹੋ ਬੀਤੇ ਵੇਲੇ ਯਾਦ ਆਏ ਤੇ ਵਿਛੜ ਗਏ ਸੱਜਣ ਸਨੇਹੀ ਵੀ। ਹੁਣ ਮੇਲੇ ਦੇ ਦਿਨਾਂ ਵਿੱਚ ਮੇਲੇ ਮੋਹਨ ਸਿੰਘ ਦੀ ਯਾਦ ਸ਼ਿੱਦਤ ਨਾਲ ਆ ਰਹੀ ਹੈ।

(ਇਸ ਲੇਖ ਦੇ ਲੇਖਕ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਹਨ)।

ਕਾਰਜ਼ੀ ਵਿਚੋਲਪੁਣਾ

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ 1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA, B.Ed. and Cosmetology (Beautician) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ । ਸੰਪਰਕ:+1 (403) 498-5719 ***307***3***

ਲੜਕੀ ਦੀ ਲੋੜ

ਰਾਮਗੜੀਆ ਭੇਲੇ ਖੱਤੀ ਪਰਿਵਾਰ ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: (ਬੀ ਬੀ ਏ) ਹੈਵੀ ਡਿਊਟੀ ਟਰੱਕ ਅਲਾਈਨਮੈਂਟ ਕੋਰਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 881 0708 ਜਾਂ ਈ ਮੇਲ: miakashdeep@gmail.com ***307***3***

ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ ਜਨਮ 2000,ਕੱਦ 5 ਫੁੱਟ 11 ਇੰਚ,ਜਨਰਲ ਬਿਜਨੈਸ ਡਿਪਲੋਮਾ ਹੋਲਡਰ,ਟਰੱਕਿੰਗ ਦੀ ਜੌਬ ਕਰਦੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1647 897 9762 ***307***3***

ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕਸ਼ੁਦਾ, ਵੈਜੀਟੇਰੀਅਨ ਲੜਕੀ ਜਨਮ 1991(ਇੰਡੀਆ),ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ: ਪਰਸੂਇੰਗ ਫੈਮਿਲੀ ਨਰਸ ਪ੍ਰੈਕਟੀਸਨਰ(ਐਫ ਐਨ ਪੀ) ਕਿੱਤਾ ਰਜਿਸਟਰਡ ਨਰਸ, ਇਸ ਵੇਲੇ ਕੋਲਰੋਡੋ(ਅਮਰੀਕਾ) ਵਿੱਚ ਰਹਿੰਦੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 700 1717 ਜਾਂ ਈ ਮੇਲ: gurbirg@gmail.com ***307***3***

ਲੜਕੇ ਦੀ ਲੋੜ

Ramgarhia Sikh parents seeking a match for their India born daughter, Canadian PR, born 1995, 5' 7", MSc Math from India, master's in supply chain management in Canada. Boy should be well educated well mannered and well settled in Canada with good moral values. Calgary and nearby preferred. Upper caste welcomed. Contact: +91 98153 11566 or email: singhshaifali48@gmail.com ***309***3***

ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਪੰਜਾਬ ਯੂਨੀਵਰਿਸਟੀ ਚੰਡੀਗੜ੍ਹ ਤੋਂ ਬੀ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਅਤੇ ਭੈਣ ਕੈਨੇਡਾ ਵਿੱਚ ਹੀ ਪੱਕੇ ਤੌਰ 'ਤੇ ਸੈਟਲ ਆਪੋ ਆਪਣੇ ਘਰਾਂ ਦੇ ਮਾਲਕ ਹਨ। ਸੰਪਰਕ :1 587 897 2737 ਜਾਂ 1 403 925 0642 ***306***3

ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ (ਸੱਗੂ/ਮਠਾੜੂ) ਪਰਿਵਾਰ ਦੇ ਲੜਕੇ ਜਨਮ 1998,ਕੱਦ 5 ਫੁੱਟ 10 ਇੰਚ,ਐਜੂਕੇਸ਼ਨ: ਬੈਚੂਲਰ ਆਫ ਆਰਟਸ, ਫਰੇਮਿੰਗ ਦਾ ਬਿਜਨਿਸ ਕਰਦੇ ਲਈ,ਹਾਣ ਪਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 437 9484 ਜਾਂ 403 361 1790 ***306***3

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***302***1

ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***305***3***

ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 2002,ਕੱਦ 5 ਫੁੱਟ 11 ਇੰਚ, ਬਿਜ਼ਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਮਾਲਵਾ ਖੇਤਰ ਨੂੰ ਪਹਿਲ । ਸੰਪਰਕ:+1 (639) 916-1637 ***305***3***

ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***305***3***

ਲੜਕੀ ਦੀ ਲੋੜ

ਪੰਜਾਬ (ਫਗਵਾੜਾ) ਰਹਿੰਦੇ ਬੰਗੜ ਪਰਿਵਾਰ ਦੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 8 ਇੰਚ,ਬੀ ਟੈੱਕ ਕੰਪਿਊਟਰ ਇੰਜੀਨੀਅਰ ਆਈ ਟੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਪਿਤਾ ਕਲਾਸ 1 ਅਫ਼ਸਰ ਰਿਟਾਇਰ ਹੋਇਆ ਹੈ ਅਤੇ ਭੈਣ ਡਾਕਟਰ ਹੈ । ਸੰਪਰਕ:91 9814712244 ***305***3***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਖੰਨਾ ਇਲਾਕੇ ਨਾਲ ਸਬੰਧਿਤ ਐਡਮਿੰਟਨ ਵਿਖੇ ਘਰਾਂ ਦੀ ਫਰੇਮਿੰਗ ਦਾ ਆਪਣਾ ਕਾਰੋਬਾਰ ਕਰਦੇ, ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ,ਜਨਮ 2001, ਕੱਦ 6 ਫੁੱਟ,ਪਲੱਸ 2 ਨਾਨ ਮੈਡੀਕਲ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਮਕਾਨ ਹੈ। ਸੰਪਰਕ: Email- sahibmann076@gmail.com ***304***3

ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਟੋਇਟਾ ਆਟੋਮੋਬਾਈਲ ਵਿਖੇ ਬਾਡੀ ਸਾਪ ਐਡਵਾਈਜਰ ਦੀ ਚੰਗੀ ਨੌਕਰੀ ਕਰਦੇ ਲੜਕੇ ਜਨਮ 1992,ਕੱਦ 5 ਫੁੱਟ 10 ਇੰਚ, ਮਕੈਨੀਕਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਧਵਾ ਜਾਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਿਤਾ ਸਰਕਾਰੀ ਜੌਬ ਤੋਂ ਰਿਟਾਇਰਡ ਅਤੇ ਭਰਾ ਯੂਕੇ ਵਿੱਚ ਪੱਕੇ ਤੌਰ ਤੇ ਰਹਿ ਰਿਹਾ ਹੈ। ਸੰਪਰਕ: 91 7009758858 ***304***3

ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਸਰਦਾਰ ਲੜਕਾ ਜਨਮ 1985,ਕੱਦ 6 ਫੁੱਟ,ਤਲਾਕ ਸ਼ੁਦਾ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵੈਲ ਸੈਟਲਡ ਲੜਕੇ ਕੋਲ ਆਪਣਾ ਘਰ ਹੈ। ਵਰਕ ਪਰਮਿਟ ਜਾਂ ਵਿਸਟਰ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ:1587 891 3187 ਜਾਂ 1778 388 8279 ***302***3***

ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਲੜਕੀ ਜਨਮ 1998, ਕੱਦ 5 ਫੁੱਟ 3 ਇੰਚ, ਕੈਲਗਰੀ ਵਿੱਚ ਸੀ ਪੀ ਏ ਕਰ ਰਹੀ ਲਈ ਬਰਾਬਰ ਦੀ ਯੋਗਤਾ ਵਾਲੇ ਕੈਨੇਡੀਅਨ ਵੈਸ਼ਨੂੰ 10 ਕਿੱਲੇ ਤੋਂ ਉਪਰ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਸਿਰਫ ਜਿਲਾ ਲੁਧਿਆਣਾ ਜਾਂ ਅਲਬਰਟਾ ਵਾਲੇ ਸੰਪਰਕ ਕਰਨ।ਕਾਲ: 1 403 903 4592***302***3***

ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***306***rana*

ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth (Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***306**k**

ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 306*Roop**

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***315 rao***

ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 ***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

Need Office Administrator

We need Office administrator person for our Calgary Office. who speaks good English, must have driver license, good wages,we will give training also!
Contact : Kam Khamba
@403-975-0128

AGM of Global Pravasi seniors Society held today at society hall A large number of members attended the session Account of society 2025 and. 26 was presented by Motha Ram Sharma All the members cheered up Surinder Kumar Kalia shared his views and all the members pushed him to continue his services as well"The present committee re elected for another term of three years "The president made thanks to all members for making confidence and co operation

ਕਲਮੀ ਸੱਥ

ਪਰਮਿੰਦਰ ਝੋਟੇ ਦੀ ਸੋਚ ਨੂੰ ਸਮਰਪਿਤ ਕਾਵਿ ਕਿਆਰੀ

ਆਖਰ ਕੁਰਬਾਨੀ ਕਰ ਗਿਆ, ਪਰਵਿੰਦਰ ਝੋਟਾ।

ਨਸ਼ੇ ਰੋਕਣ ਲਈ ਕੱਸਿਆ, ਸੀ ਜਿਸ ਲੰਗੋਟਾ।
ਆਖਰ ਕੁਰਬਾਨੀ ਕਰ ਗਿਆ,ਪਰਵਿੰਦਰ ਝੋਟਾ।

ਸ਼ਰੇਆਮ ਹੈ ਵਿਕ ਰਿਹਾ, ਹੁਣ ਪਿੰਡ ਪਿੰਡ ਚਿੱਟਾ।
ਮੰਦੜਾ ਹਾਲ ਪੰਜਾਬ ਦਾ, ਉਹਤੋਂ ਗਿਆ ਨਾ ਡਿੱਠਾ।
ਨਾਲ ਸਰਿੰਜਾਂ ਵਿਨਿੰਆਂ, ਪਿਆ ਪੋਟਾ-ਪੋਟਾ।
ਆਖਰ ਕੁਰਬਾਨੀ ਕਰ ਗਿਆ, ਪਰਵਿੰਦਰ ਝੋਟਾ।

ਵੱਸਦੇ ਘਰ ਉਜਾੜ 'ਤੇ, ਇਨ੍ਹਾਂ ਤਸਕਰ ਲੋਕਾਂ।
ਰੱਤ ਪੰਜਾਬ ਦਾ ਪੀਗੀਆਂ, ਇਹ ਸਿਆਸੀ ਜੋਕਾਂ।
ਨਸ਼ੇ ਤੋਂ 'ਕੱਠਾ ਕਰ ਲਿਆ, ਇਨ੍ਹਾਂ ਪੈਸਾ ਮੋਟਾ।
ਆਖਰ ਕੁਰਬਾਨੀ ਕਰ ਗਿਆ, ਪਰਵਿੰਦਰ ਝੋਟਾ।

ਬਾਗ਼ ਕਮਾਈ ਕੂੜ ਦੀ, ਦਾ ਖੂਬ ਸੀ ਫਲਿਆ।
ਬੜਾ ਸਮਾਇਆ ਅਸ਼ਵਨੀ,ਪਰ ਨਾ ਉਹ ਟਲਿਆ।
ਨਾ ਟਲਿਆ ਕਰਤੂਤ ਤੋਂ,ਉਹ ਦਿਲ ਦਾ ਖੋਟਾ।
ਆਖਰ ਕੁਰਬਾਨੀ ਕਰ ਗਿਆ,ਪਰਵਿੰਦਰ ਝੋਟਾ।

ਸੋਹਣੇ ਵਤਨ ਪੰਜਾਬ ਲਈ,ਹਿੱਕ ਤਾਣ ਕੇ ਖੜਿਆ।
ਨਾ ਝੁਕਿਆ,ਨਾ ਰੁਕਿਆ,ਆਖਰ ਤੱਕ ਲੜਿਆ।
ਪੰਜਾਬ ਦੇ ਲੇਖੇ ਲਾ ਗਿਆ, ਜ਼ਿੰਦਗੀ ਦਾ ਕੋਟਾ।
ਆਖਰ ਕੁਰਬਾਨੀ ਕਰ ਗਿਆ,ਪਰਵਿੰਦਰ ਝੋਟਾ।

ਪਿਛਲੇ ਪਹਿਰੇ ਮਾਪਿਆਂ ਦਾ,ਉਹ ਸੀ ਸਹਾਰਾ।
ਨਾ ਬੱਚਿਆਂ ਬਾਰੇ ਸੋਚਿਆ,ਕਰ ਦਿੱਤਾ ਕਾਰਾ।
ਕਮੀਨੇ ਕਾਤਲ ਪੱਟ 'ਤਾ, ਘਰ ਵਿੱਚੋਂ ਬਰੋਟਾ।
ਆਖਰ ਕੁਰਬਾਨੀ ਕਰ ਗਿਆ,ਪਰਵਿੰਦਰ ਝੋਟਾ।

ਸੁਣੋ ਪੰਜਾਬ ਦੇ ਲੀਡਰੋ, ਬਣ ਜਾਓ ਹੁਣ ਬੰਦੇ।
ਹੁਣ ਤਾਂ ਬਾਜ ਆ ਜਾਓ, ਛੱਡ ਦਿਓ ਇਹ ਧੰਦੇ।
ਜਨਤਾ ਲਈ ਕੁੱਝ ਸੋਚ ਲਓ, ਹੁਣ ਮਾੜਾ-ਮੋਟਾ।
ਆਖਰ ਕੁਰਬਾਨੀ ਕਰ ਗਿਆ, ਪਰਵਿੰਦਰ ਝੋਟਾ।

ਹੋਊ ਪਰਵਿੰਦਰ ਨੂੰ ਸ਼ਰਧਾਂਜਲੀ, ਪਰਿਵਾਰ ਨਾਲ ਖੜੀਏ।
ਜੰਗ ਸ਼ੁਰੂ ਜੋ ਕਰ ਗਿਆ, ਉਹ ਰਲ ਕੇ ਲੜੀਏ।
ਨਕਾਬਪੋਸ਼ਾਂ ਦੇ ਮੂੰਹ ਤੋਂ, ਲਾਹ ਦਿਓ ਮਖੌਟਾ।
ਆਖਰ ਕੁਰਬਾਨੀ ਕਰ ਗਿਆ, ਪਰਵਿੰਦਰ ਝੋਟਾ।

ਜਸਵੀਰ ਸਿੰਘ ਭਲੂਰੀਆ
ਸਰੀ(ਬੀ.ਸੀ.) ਕੈਨੇਡਾ
+1-236-622-7799

ਪੱਗੜੀ ਸੰਭਾਲ ਜੱਟਾ

ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ਼ ਓਏ।
ਲੁੱਟ ਲਈ ਜਵਾਨੀ ਤੇਰੀ, ਨਸ਼ਿਆਂ ਦੇ ਮਾਲ ਓਏ।
ਨਸ਼ੇ ਦੇ ਵਪਾਰੀ ਅੱਜ, ਚੋਗਾ ਹੈ ਖਿਲਾਰਿਆ।
ਤੇਰੇ ਜਿਹੇ ਭੋਲਿਆਂ ਲਈ, ਜਾਲ਼ ਹੈ ਪਸਾਰਿਆ।
ਚੂਸ ਲਿਆ ਰੱਤ ਤੇਰਾ, ਜੁੱਸਾ ਦਿੱਤਾ ਗਾਲ਼ ਓਏ
ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ਼ ਓਏ।

ਦੁੱਧ ਘਿਓ ਨਾਲ ਪਲੀ, ਤੇਰੀ ਇਹ ਜਵਾਨੀ ਸੀ।
ਦੁਨੀਆਂ ਦੇ ਵਿੱਚ ਤੇਰਾ, ਕੋਈ ਨਹੀਓਂ ਸਾਨੀ ਸੀ।
ਮੇਲਿਆਂ ਤੇ ਛਿੰਝਾਂ ਵਿੱਚ, ਪਾਉਂਦਾ ਸੈਂ ਧਮਾਲ ਓਏ
ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ਼ ਓਏ।

ਤੇਰੇ ਉੱਤੇ ਦੇਸ਼ ਨੂੰ ਤਾਂ, ਸਦਾ ਰਿਹਾ ਮਾਣ ਓਏ।
ਜੱਗ ਵਿੱਚ ਤੇਰੀ ਰਹੀ, ਵੱਖਰੀ ਪਛਾਣ ਓਏ।
ਚਿਹਰੇ ਉੱਤੇ ਫੱਬਦਾ ਸੀ, ਤੇਰੇ ਤਾਂ ਜਲਾਲ ਓਏ,
ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ਼ ਓਏ।

ਅੰਨ ਦਾਤਾ ਜੱਗ ਦਾ ਤੂੰ, ਬਣਿਆਂ ਸੈਂ ਸੋਹਣਿਆਂ।
ਧੰਨ ਤੇਰੀ ਮਾਤਾ ਜਿਸ, ਜਣਿਆਂ ਸੈਂ ਸੋਹਣਿਆਂ।
ਭੁੱਖ ਨਾਲ ਵਿਲਕਦੇ ਨੇ, ਅੱਜ ਤੇਰੇ ਬਾਲ ਓਏ
ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ਼ ਓਏ।

ਧਾੜਵੀ ਵਿਦੇਸ਼ੀਆਂ ਨੂੰ, ਠੱਲ੍ਹ ਤੂੰਹੀਓਂ ਪਾਉਂਦਾ ਸੈਂ।
@ਦੀਸ਼@ ਜਿਹੀਆਂ ਭੈਣਾਂ ਦੀ ਤੂੰ, ਪੱਤ ਵੀ ਬਚਾਉਂਦਾ ਸੈਂ।
ਜੱਗ ਦੇ ਲਈ ਬਣ ਜਾ ਤੂੰ, ਫਿਰ ਤੋਂ ਮਿਸਾਲ ਓਏ
ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ ਓਏ।
ਲੁੱਟ ਲਈ ਜਵਾਨੀ ਤੇਰੀ, ਨਸ਼ਿਆਂ ਦੇ ਮਾਲ ਓਏ।
ਪਗੜੀ ਸੰਭਾਲ਼ ਜੱਟਾ, ਪਗੜੀ ਸੰਭਾਲ਼ ਓਏ।

ਗੁਰਦੀਸ਼ ਕੌਰ ਗਰੇਵਾਲ
ਕੈਲਗਰੀ 1 403 404 1450

ਨਸ਼ੇ ਤੇ ਲੱਗੀਆਂ ਮੁਟਿਆਰਾਂ ਲਈ ਇੱਕ ਹੂਕ

ਧੀਏ ਪੰਜਾਬ ਦੀਏ, ਤੂੰ ਕਿੱਧਰ ਤੁਰ ਪਈ ਏਂ ?
ਵਿਰਸੇ ਵੱਲ ਪਿੱਠ ਕਰਕੇ, ਨਸ਼ਿਆਂ ਵੱਲ ਮੁੜ ਪਈ ਏਂ।

ਰੱਖੜੀ ਬੰਨ੍ਹ ਵੀਰੇ ਨੂੰ, ਤੂੰ ਤਾਂ ਸਮਝਾਉਣਾ ਸੀ।
ਕੀਤੇ ਹੋਏ ਕਰਮਾਂ ਤੇ, ਉਸ ਫਿਰ ਪਛਤਾਉਣਾ ਸੀ।
ਨਸ਼ਿਆਂ ਦੇ ਦਰਿਆ ਵਿੱਚ, ਤੂੰ ਆਪ ਹੀ ਰੁੜ੍ਹ ਪਈ ਏਂ।
ਧੀਏ ਪੰਜਾਬ ਦੀਏ....

ਤੈਨੂੰ ਤਾਂ ਬਾਬਲ ਦੀ, ਪੱਗ ਬੜੀ ਪਿਆਰੀ ਸੀ।
ਤੇਰੀ ਤਾਂ ਦੁਨੀਆਂ ਤੇ, ਇੱਕ ਸ਼ਾਨ ਨਿਆਰੀ ਸੀ।
ਬਾਬਲ ਦੀ ਪੱਗ ਕਿਉਂ ਨੀ, ਤੂੰ ਰੋਲ਼ਣ ਤੁਰ ਪਈ ਏਂ ?
ਧੀਏ ਪੰਜਾਬ ਦੀ....

ਨੂੰ ਇੱਜ਼ਤ ਸੈਂ ਘਰ ਦੀ, ਘਰ ਦਾ ਸ਼ਿੰਗਾਰ ਕੁੜੇ।
ਤੇਰੀ ਮੱਤ ਨੂੰ ਪੈ ਗਈ ਏ, ਅੱਜ ਕਿਹਦੀ ਮਾਰ ਕੁੜੇ ?
ਗਿੱਧਿਆਂ ਦੀ ਤੂੰ ਰਾਣੀ, ਡਿਸਕੋ ਸੰਗ ਜੁੜ ਪਈ ਏਂ
ਧੀਏ ਪੰਜਾਬ ਦੀਏ....

ਤੂੰ ਚੰਡੀ ਤੂੰ ਦੁਰਗਾ, ਝਾਂਸੀ ਦੀ ਰਾਣੀ ਤੂੰ।
ਤੇ ਮਾਈ ਭਾਗੋ ਦੀ, ਹੈਂ ਅਜਬ ਕਹਾਣੀ ਤੂੰ।
ਤੂੰ ਭੈਣ ਭਗਤ ਸਿੰਘ ਦੀ, ਕਿਸ ਗੱਲੋਂ ਥੁੜ੍ਹ ਪਈ ਏਂ।
ਧੀਏ ਪੰਜਾਬ ਦੀਏ...

ਲੈ ਹੱਕ ਬਰਾਬਰ ਦੇ, ਤੂੰ ਮਾਣ ਆਜ਼ਾਦੀ ਨੀ।
ਪਰ ਆਪਣੇ ਵਿਰਸੇ ਦੀ, ਨਾ ਕਰ ਬਰਬਾਦੀ ਨੀ।
ਅੱਜ 'ਦੀਸ਼' ਕਹੇ ਤੈਨੂੰ, ਕਿਸ ਰਾਹੇ ਟੁਰ ਪਈ ਏਂ ?
ਧੀਏ ਪੰਜਾਬ ਦੀਏ...

ਗੁਰਦੀਸ਼ ਕੌਰ ਗਰੇਵਾਲ
ਕੈਲਗਰੀ 1 403 404 1450

ਪਰਮਿੰਦਰ ਦੀ ਸੋਚ ਨੂੰ ਬਚਾਇਓ ਬਈ ਪੰਜਾਬੀਓ।

ਓਹ ਪੰਜਾਬ ਦਾ ਸੀ ਪੁੱਤ, ਸਾਨੂੰ ਸਾਰਿਆਂ ਨੂੰ ਦੁੱਖ,
ਅੱਗ ਸੀਨੇ ਰਹੀ ਐ ਧੁੱਖ,ਹਾੜਾ ! ਮੋੜਿਓ ਨਾ ਮੁੱਖ,
ਏ ਸ਼ਹਾਦਤ ਨਾ ਕਿਤੇ ਭੁੱਲ ਜਾਇਓ ਬਈ ਪੰਜਾਬੀਓ,
ਪਰਮਿੰਦਰ ਦੀ ਸੋਚ ਨੂੰ ਬਚਾਇਓ ਬਈ ਪੰਜਾਬੀਓ।

ਝੋਟਾ ਲਾ ਗਿਆ ਐ ਜਾਗ,ਦੇਇਓ ਸੁੱਕਣ ਨਾ ਬਾਗ,
ਸਦਾ ਰਿਹਾ ਜੋ ਬੇਦਾਗ, ਸੁੱਤੇ ਜਗਾਏ ਜੀਹਨੇ ਭਾਗ,
ਏ ਮਿਸ਼ਾਲ 'ਚ ਤੇਲ,ਰਲ ਪਾਇਓ ਬਈ ਪੰਜਾਬੀਓ,
ਪਰਮਿੰਦਰ ਦੀ ਸੋਚ ਨੂੰ ਬਚਾਇਓ ਬਈ ਪੰਜਾਬੀਓ।

ਓਹ ਨੇ ਬੋਲ ਨੇ ਪਗਾਏ, ਨਹੀਓਂ ਡਾਲਰ ਕਮਾਏ,
ਮਖੌਟੇ ਬੜਿਆਂ ਦੇ ਲਾਹੇ, ਤੇ ਕਈ ਗਿੱਦੜ ਭਜਾਏ,
ਸਿੰਘ ਸ਼ੇਰ ਦੀ ਪਹਿਚਾਣ ਵਧਾਇਓ ਬਈ ਪੰਜਾਬੀਓ,
ਪਰਮਿੰਦਰ ਦੀ ਸੋਚ ਨੂੰ ਬਚਾਇਓ ਬਈ ਪੰਜਾਬੀਓ।

ਦੁਸ਼ਟ ਕਾਤਲਾਂ ਨੂੰ ਘੇਰੋ,ਇੱਕੱਠੇ ਹੋਕੇ ਜਾਤਰੂ ਫੇਰੋ,
ਸੀਹਣੀ ਮਾਂ ਦਿਓ ਦਲੇਰੋ, ਆਓ ਨਿੱਤਰੋ ਪਲੇਅਰੋ
ਤੁਸੀਂ ਮੁੜ ਇਤਹਾਸ ਦੁਹਰਾਇਓ ਬਈ ਪੰਜਾਬੀਓ,
ਪਰਮਿੰਦਰ ਦੀ ਸੋਚ ਨੂੰ ਬਚਾਇਓ ਬਈ ਪੰਜਾਬੀਓ।

ਰਹੋ ਨਸ਼ਿਆਂ ਤੋਂ ਦੂਰ,ਬਈ ਪੈਣਾਂ ਮਿਹਨਤਾਂ ਨੂੰ ਬੂਰ,
ਲਾਹੋ ਸਰਕਾਰਾਂ ਦਾ ਫਤੂਰ,ਨਈਂ ਦਿੱਲੀ ਬਹੁਤੀ ਦੂਰ,
ਮੰਡੀ ਕਲਾਂ ਸਰੋਂ ਤਲੀਏ ਜਮਾਇਓ ਬਈ ਪੰਜਾਬੀਓ,
ਏ ਸ਼ਹਾਦਤ ਨਾ ਕਿਤੇ ਭੁੱਲ ਜਾਇਓ ਬਈ ਪੰਜਾਬੀਓ,
ਪਰਮਿੰਦਰ ਦੀ ਸੋਚ ਨੂੰ ਬਚਾਇਓ ਬਈ ਪੰਜਾਬੀਓ।

ਇੱਕਬਾਲ ਸਿੱਧੂ ਭਾਈਕਾ ਮੰਡੀ ਕਲਾਂ
9464657900

ਤੂੰ ਨਸ਼ੇ ਨੂੰ ਛੱਡ ਦੇ।

ਸਾਡੇ ਗੱਭਰੂ ਜਵਾਨ ,ਜੁੱਸੇ ਵਿੱਚ ਸੀ ਮਹਾਨ ,ਸੀ ਪੰਜਾਬ ਦੀ ਜੋ ਸ਼ਾਨ ਸੋਹਣੇ ਸਰਦਾਰ ਜੀ।
ਸਰੂ ਵਰਗੇ ਸੀ ਕੱਦ,ਬੜੇ ਫੱਬਦੇ ਸੀ ਤੱਦ,ਦੇਖ ਹੁੰਦਾ ਗਦ ਗਦ ,ਸਾਰਾ ਪਰਿਵਾਰ ਜੀ।
ਖੇਡਾਂ ਵਿੱਚ ਮਸ਼ਹੂਰ , ਸੀ ਖੁਰਾਕ ਭਰਪੂਰ ,ਪੈਣ ਧੁੰਮਾਂ ਦੂਰ ਦੂਰ ,ਚੁੱਕਦੇ ਸੀ ਭਾਰ ਜੀ।
ਵਿੱਚ ਮੇਲਿਆਂ ਦੇ ਜਾਣ ,ਛਿੰਝਾਂ ਭੰਗੜੇ ਵੀ ਪਾਣ,ਗੀਤ ਖੁਸ਼ੀਆਂ ਦੇ ਗਾਣ ,ਹੁੰਦੀ ਸੀ ਬਹਾਰ ਜੀ।

ਕਿੱਥੋਂ ਆਈ ਇਹ ਬਿਮਾਰੀ ,ਨਸ਼ਿਆਂ ਦੀ ਲਤ ਭਾਰੀ ,ਜਿਸ ਨੇ ਹੈ ਮੱਤ ਮਾਰੀ ਸੁੱਧ ਬੁੱਧ ਭੁੱਲ ਗਏ।
ਪਏ ਨਸ਼ਿਆਂ ਦੇ ਰੌਲੇ ,ਕਿੱਥੇ ਗਏ ਹਾਇ ਡੌਲੇ ,ਅੱਜ ਹੋਏ ਕੱਖੋਂ ਹੌਲੇ, ਗਲੀਆਂ ਚ ਰੁਲ਼ ਗਏ।
ਆਏ ਨਸ਼ੇ ਦੇ ਵਪਾਰੀ ,ਜਿਨ੍ਹਾਂ ਚੋਗ ਹੈ ਖਿਲਾਰੀ ,ਸਾਡੀ ਕੀਤੀ ਹੈ ਖੁਆਰੀ ,ਭੇਤ ਸਾਰੇ ਖੁੱਲ ਗਏ।
ਸਾਡਾ ਰੰਗਲਾ ਪੰਜਾਬ ,ਇਹਦੀ ਲੁੱਟੀ ਗਈ ਆਬ,ਕੀਤਾ ਜ਼ਹਿਰਾਂ ਨੇ ਖਰਾਬ ,ਹੱਡਾਂ ਵਿੱਚ ਘੁਲ਼ ਗਏ।

ਇਹਨਾਂ ਲੁੱਟ ਲਈ ਜਵਾਨੀ, ਜਿਹਦਾ ਕੋਈ ਨਹੀਂ ਸੀ ਸਾਨੀ, ਕਰਦੇ ਨੇ ਮਨ ਮਾਨੀ, ਵੈਰੀ ਨੇ ਪੰਜਾਬ ਦੇ।
ਉੱਤੋਂ ਉੱਤੋਂ ਲਾਉਂਦੇ ਲਾਰੇ, ,ਵਿੱਚੋਂ ਇੱਕੋ ਨੇ ਇਹ ਸਾਰੇ,ਜਿਨਾਂ ਚੋਗ ਨੇ ਖਿਲਾਰੇ, ਜੀ ਹਜੂਰੇ ਸਾਬ ਦੇ।
ਇਹਨਾਂ ਨਸ਼ੇ ਨਹੀਂ ਹਟਾਉਣੇ, ਸਗੋਂ ਹੋਰ ਸਾਨੂੰ ਲਾਉਣੇ, ਸਾਡੇ ਲਹੂ ਚ ਰਚਾਉਣੇ, ਲੋਟੂ ਸਾਡੇ ਖਾਬ ਦੇ।
ਇਹਨਾਂ ਘਰ ਦਿੱਤੇ ਪੱਟ, ਵੱਜੇ ਕਾਲਜੇ ਤੇ ਸੱਟ, ਮਾਪੇ ਰੋਣ ਵੱਟੇ ਵੱਟ, ਕੋਈ ਨਾ ਜਵਾਬ ਦੇ।

ਓ ਪੰਜਾਬੀ ਸਰਦਾਰ, ਜ਼ਰਾ ਸੋਚ ਦੇ ਵਿਚਾਰ, ਕਰ ਕੌਲ ਤੇ ਕਰਾਰ, ਤੂੰ ਨਸ਼ੇ ਨੂੰ ਛੱਡ ਦੇ।
ਜੇ ਬਣਾਏਂ ਮਨ ਪੱਕਾ, ਕਰੂ ਕਿਵੇਂ ਕੋਈ ਧੱਕਾ ਦੇਖੀ ਰਹੇ ਹੱਕਾ ਬੱਕਾ, ਜ਼ਹਿਰ ਘਰੋਂ ਕੱਢ ਦੇ।
ਲੈ ਤੂੰ ਬੱਚਿਆਂ ਦੀ ਸਾਰ, ਸੁਖੀ ਹੋਏ ਪਰਵਾਰ, ਇਹਨੂੰ ਦਿਲ ਚੋਂ ਵਿਸਾਰ, ਫਸਤਾ ਦਾ ਹੀ ਵੱਢ ਦੇ।
ਤੇਰੇ ਮਾਪੇ ਰਹੇ ਝੂਰ, 'ਦੀਸ਼' ਹੋਏ ਮਜਬੂਰ, ਮੁੜ ਆਏ ਉਹ ਸਰੂਰ, ਝੰਡਾ ਨਵਾਂ ਗੱਡ ਦੇ।

ਗੁਰਦੀਸ਼ ਕੌਰ ਗਰੇਵਾਲ
ਕੈਲਗਰੀ 1 403 404 1450

ਵੇ ਲਾਲੀ ਪਧਿਆਣੇ ਵਾਲਿਆ, ਸਾਡੀ ਜਿੰਦ 'ਚ ਸੰਧੂਰੀ ਰੰਗ ਭਰਦੇ

ਲਾਲ "ਪਧਿਆਣੇ" ਵਾਲਾ

1982 ਵਿੱਚ ਹਿਜ਼ ਮਾਸਟਰਜ਼ ਵਾਇਸ ਕੰਪਨੀ ਨੇ ਉਸ ਵੇਲੇ ਦੇ ਮਕਬੂਲ ਕਲਾਕਾਰਾਂ ਦਾ ਇੱਕ ਸਾਂਝਾ ਐਲ ਪੀ ਰਿਕਾਰਡ ਬਣਾਇਆ ਸੀ ਜਿਸਦਾ ਟਾਈਟਲ ਸੀ ਐਚ ਐਮ ਵੀ ਨਾਈਟ। ਉਸ ਐਲ ਪੀ ਰਿਕਾਰਡ ਵਿੱਚ ਸੁਰਿੰਦਰ ਛਿੰਦਾ ਅਤੇ ਗੁਲਸ਼ਨ ਕੋਮਲ ਦੀ ਆਵਾਜ਼ ਵਿੱਚ ਇੱਕ ਫੌਜੀ ਫੌਜਣ ਦਾ ਦੋਗਾਣਾ ਰਿਕਾਰਡ ਹੋਇਆ ਸੀ ਜਿਸਦੇ ਬੋਲ ਸਨ

ਅੱਸੂ ਦੇ ਮਹੀਨੇ ਵਿੱਚ ਛੁੱਟੀ ਆਇਆ ਫੌਜੀਆ ਵੇ
ਵਗਦਾ ਪੁਰਾ ਸੀ ਜਦੋਂ ਸਾਉਣ ਵਿੱਚ ਮੌਜੀਆ ਵੇ
ਨਿੱਕੀ ਨਿੱਕੀ ਪੈਂਦੀ ਸੀ ਕਣੀਂ
ਵੇ ਮੈਂ ਜਾ ਮੇਰਾ ਰੱਬ ਜਾਣਦਾ,
ਉਦੋਂ ਕਿੰਝ ਮੇਰੀ ਜਿੰਦ ਤੇ ਬਣੀ
ਦਿਨ ਵੇਲੇ ਮਿੱਠੀ ਮਿੱਠੀ ਯਾਦ ਬਣ ਆਉਣੀਏ ਨੀ
ਸੁਪਨੇ 'ਚ ਆਕੇ ਰਾਤੀਂ ਨੀਂਦਰਾਂ ਚੁਰਾਉਣੀਏ ਨੀਂ
ਤੂੰ ਕੀ ਸਾਡਾ ਜਾਣਦੀ ਪਿਆਰ,
ਬੱਦਲਾਂ ਤੋਂ ਪੁੱਛ ਗੋਰੀਏ,
ਨਿੱਤ ਘੱਲਦਾ ਸੁਨੇਹੇ ਮੈਂ ਹਜ਼ਾਰ
ਹੁਣ ਤ੍ਰਿੰਝਣਾਂ 'ਚ ਕੁੜੀਆਂ ਜਾ ਰਲ ਬਹਿੰਦੀਆਂ
ਮੇਰੇ ਰੂਪ ਬਾਰੇ ਸਦਾ ਇਹੋ ਗੱਲ ਕਹਿੰਦੀਆਂ
ਲਾਲ "ਪਧਿਆਣੇ" ਵਾਲਾ ਆ ਗਿਆ
ਜਦੋਂ ਦਾ ਛੁੱਟੀ
ਮੋਤੀਏ ਦਾ ਫੁੱਲ ਤੂੰ ਬਣੀ
ਵੇ ਮੈਂ ਜਾਂ ਮੇਰਾ ਰੱਬ ਜਾਣਦਾ ,
ਉਦੋਂ ਕਿੰਝ ਮੇਰੀ ਜਿੰਦ ਤੇ ਬਣੀ

ਦੋ-ਗਾਣਾ ਗਾਇਕੀ ਦੇ ਉਸ ਦੌਰ ਵਿੱਚ ਪੰਜਾਬੀ ਸਾਹਿਤਿਕ ਰੰਗ ਰੰਗਿਆ ਐਸਾ ਦੋ-ਗਾਣਾ, ਵਿਛੋੜਾ ਤੇ ਵਸਲ ਦਾ ਅਨੋਖਾ ਸੁਮੇਲ, ਬਾ ਕਮਾਲ ਲੇਖਣੀ ਬਲਿਹਾਰੇ ਜਾਵਾਂ ਐਸੇ ਗੀਤਕਾਰ ਦੇ ਜਿਸਨੇ ਗੀਤ ਰੂਪੀ ਤਸਵੀਰ ਵਿਚ ਕਮਾਲ ਦੇ ਰੰਗ ਭਰੇ। ਆਖਰ ਕੌਣ ਐ ਇਹ ਲਾਲ ਪਧਿਆਣਵੀ ?

ਲਾਲ ਪਧਿਆਣਵੀ ਉੱਚ ਸਿੱਖਿਆ ਪ੍ਰਾਪਤ ਦੁਆਬੇ ਦੇ ਗੜ੍ਹ ਜ਼ਿਲ੍ਹਾ ਜਲੰਧਰ ਦੇ ਪਿੰਡ ਪਧਿਆਣੇ ਦਾ ਜੰਮਪਲ ਐ। ਜੋ ਕਿੱਤੇ ਵੱਜੋਂ ਪ੍ਰੋਫੈਸਰ ਸੀ, ਗੀਤਕਾਰੀ ਜਿਸਦਾ ਸ਼ੌਕ ਸੀ। ਤੀਹ ਕੁ ਵਰ੍ਹੇ ਪਹਿਲਾਂ ਉਹ ਕੈਨੇਡਾ ਦੀ ਧਰਤੀ ਦਾ ਬਾਸ਼ਿੰਦਾ ਹੋ ਗਿਆ । ਲਾਲ ਪਧਿਆਣਵੀ ਦੇ ਗੀਤ ਲੋਕ-ਗੀਤਾਂ ਜਿਹਾ ਮੁਕਾਮ ਹਾਸਲ ਕਰ ਚੁੱਕੇ ਹਨ ਜਿਵੇਂ ਜਗਮੋਹਨ ਕੌਰ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਲਾਲ ਦਾ ਗੀਤ
ਮੇਰੇ ਨੱਚਦੀ ਦੇ ਖੁਲ੍ਹ ਗਏ ਵਾਲ ,ਭਾਬੀ ਮੇਰੀ ਗੁੱਤ ਕਰਦੇ
ਨਜ਼ਰਾਂ ਦੇ ਤੀਰ ਕੋਲੋਂ ਡੰਗ ਹੋ ਗਿਆ
ਰੰਗ ਦੇਖ ਅੱਗੇ ਨਾਲੋਂ ਰੰਗ ਹੋ ਗਿਆ
ਚੰਗਾ ਭਲਾ ਮੁੰਡਾ ਸੀ ਮਲੰਗ ਹੋ ਗਿਆ
ਜਿਹੜਾ ਪਿੰਡ ਪਧਿਆਣੇ ਵਾਲਾ ਲਾਲ
ਭਾਬੀ ਮੇਰੀ ਗੁੱਤ ਕਰਦੇ ਮੇਰੇ ਨੱਚਦੀ ਦੇ ਖੁੱਲ੍ਹ ਗਏ ਵਾਲ
ਇਸੇ ਤਰ੍ਹਾਂ ਸਰਵਜੀਤ ਕੌਰ ਦੀ ਆਵਾਜ਼ ਵਿੱਚ ਲਾਲ ਪਧਿਆਣਵੀ ਦਾ ਰਿਕਾਰਡ ਹੋਇਆ ਗੀਤ
ਕੋਕਾ ਘੜਵਾ ਦੇ ਮਾਹੀਆ ਕੋਕਾ ਵੇ ਹਾਣੀਆਂ
ਕੋਕਾ ਘੜਵਾ ਦੇ ਮਾਹੀਆ ਕੋਕਾ
ਸੱਜਣਾਂ ਪਿਆਰਿਆਂ ਦਾ ਆਖਾ ਨਹੀਓਂ ਮੋੜੀਦਾ
ਜੁੜਦਾ ਨਾ ਇਹੋ ਚੰਨਾ ਦਿਲ ਨਹੀਓਂ ਤੋੜੀਦਾ
ਰੱਬ ਦਿਲਾਂ ਵਿੱਚ ਰਹੇ ਸੋਹਣਿਆਂ ਬੁੱਲੇ ਸ਼ਾਹ ਦਾ ਹੋਕਾ
ਵੇ ਹਾਣੀਆਂ ਕੋਕਾ ਘੜਵਾ ਦੇ ਮਾਹੀਆ ਕੋਕਾ

ਸਾਰੀ ਦੁਨੀਆਂ ਜਾਣਦੀ ਐ ਕਿ ਇਹ ਦੋਵੇਂ ਗੀਤ ਰਿਕਾਰਡ ਹੋਣ ਤੋਂ ਬਾਅਦ ਇਹਨਾਂ ਨੂੰ ਗਾਉਣਾ ਹਰ ਪੰਜਾਬੀ ਗਾਇੱਕ ਦੀ ਮਜਬੂਰੀ ਬਣ ਗਈ , ਇੱਥੋਂ ਤੱਕ ਕਿ ਫ਼ਿਲਮ ਗੱਭਰੂ ਪੰਜਾਬ ਦਾ ਵਿੱਚ ਲਾਲ ਪਧਿਆਣਵੀ ਦਾ ਕੋਕਾ ਸ਼ਾਮਿਲ ਕਰਨਾ ਫਿਲਮ ਨਿਰਮਾਤਾ ਦੀ ਵੀ ਮਜਬੂਰੀ ਬਣ ਗਿਆ
ਇਹਨਾਂ ਤੋਂ ਬਿਨਾਂ ਰਾਜ ਗਾਇੱਕ ਹੰਸ ਰਾਜ ਦੀ ਆਵਾਜ਼ ਵਿੱਚ

ਵਾਰ ਵਾਰ ਸ਼ੀਸ਼ਾ ਤੁਸੀਂ ਤੱਕਦੇ ਨਹੀਓਂ ਥੱਕਦੇ
ਮੱਥੇ ਤੋਂ ਜ਼ੁਲਫਾਂ ਨੂੰ ਚੱਕਦੇ ਨਹੀਓਂ ਅੱਕਦੇ
ਜੋ ਮਰਜ਼ੀ ਕਰੋ ਜੀ ਲਾਡੀ,
ਪਰ ਇੱਕ ਗਲ ਸੁਣਲੋ ਸਾਡੀ
ਕਿਉਂ ਵਾਲ ਵਹੇਂਦੇ ਓ,
ਓਨੇ ਤੁਸੀਂ ਨਹੀਂ ਸੋਹਣੇ, ਜਿੰਨਾਂ ਮਾਣ ਕਰੇਂਦੇ ਓ
ਮੇਰੇ ਮੌਲਾ ਦੀ ਸ਼ਾਨ ਨਿਰਾਲੀ ਨੀ
ਸੱਚ ਕਹੇ ਪਧਿਆਣੇ ਵਾਲਾ ਨੀ
ਇਹ ਝੂਠੀ ਕਾਇਆ ਮਾਇਆ,
ਬੱਸ ਦੋ ਪਲ ਦੀ ਹੈ ਛਾਇਆ
ਕਿਉਂ ਮਹਿਲ ਬਣੇਂਦੇ ਓ
ਓਨੇ ਤੁਸੀਂ ਨਹੀਂ ਸੋਹਣੇ ਜਿੰਨਾਂ ਮਾਣ ਕਰੇਂਦੇ ਓ
ਹੰਸ ਰਾਜ ਹੰਸ ਦੀ ਹੀ ਆਵਾਜ਼ ਵਿੱਚ ਲਾਲ ਦਾ ਇੱਕ ਹੋਰ ਸਦਾ ਬਹਾਰ ਗੀਤ
ਕਾਹਨੂੰ ਸਾਨੂੰ ਚਾਹ ਪੁੱਛਦੈਂ,
ਤੇਰੇ ਦਰਸ਼ਨ ਹੀ ਦੁੱਧ ਵਰਗੇ
ਨੈਣ ਤੇਰੇ ਘਟਾ ਬਣਕੇ,
ਤਪੇ ਦਿਲਾਂ ਵਾਲੇ ਥਲਾਂ ਉੱਤੇ ਵਰ੍ਹਦੇ
ਕਾਹਨੂੰ ਸਾਨੂੰ ਚਾਹ ਪੁੱਛਦੈਂ
ਪੈੜ ਤੇਰੀ ਸੁੰਘ ਸੁੰਘ ਕੇ,
ਪੌਣਾਂ ਰੰਗਲੇ ਮਹੱਲਾਂ ਵੱਲੋਂ ਆਉਂਦੀਆਂ
ਗਿੱਧੇ ਵਿੱਚ ਸਭੇ ਨੱਢੀਆਂ,
ਤੇਰੇ ਨਾਂ ਤੇ ਬੋਲੀਆਂ ਪਾਉਂਦੀਆਂ
ਵੇ ਲਾਲੀ "ਪਧਿਆਣੇ" ਵਾਲਿਆ,
ਸਾਡੀ ਜਿੰਦ 'ਚ ਸੰਧੂਰੀ ਰੰਗ ਭਰਦੇ
ਕਾਹਨੂੰ ਸਾਨੂੰ ਚਾਹ ਪੁੱਛਦੈਂ

ਲਾਲੀ ਦੇ ਗੀਤਾਂ ਦਾ ਸਫਰ ਤਵਿਆਂ ਵਾਲੇ ਯੁੱਗ ਤੋਂ ਸ਼ੁਰੂ ਹੋਇਆ ਨਰਿੰਦਰ ਬੀਬਾ ਦੀ ਆਵਾਜ਼ ਵਿੱਚ ਉਸਦਾ ਗੀਤ ਆਇਆ ਸੀ ਰਾਂਝੇ ਮੱਝੀਆਂ ਚਰਾਇਆਂ ਉਸਤੋਂ ਬਾਅਦ ਲਾਲ ਨੇ ਪਿਛਾਂਹ ਮੁੜਕੇ ਨਹੀਂ ਦੇਖਿਆ, ਲਾਲ ਨੇ ਗੀਤਕਾਰੀ ਲਈ ਜੰਗਾੜ ਨਹੀਂ ਲਾਇਆ, ਉਸਦੇ ਗੀਤ ਉਸ ਸਮੇਂ ਰਿਕਾਰਡ ਹੋਣੇ ਸ਼ੁਰੂ ਹੋਏ ਜਦੋਂ ਕਲਾਕਾਰਾਂ ਤੱਕ ਪਹੁੰਚਣਾ ਬੜਾ ਮੁਸ਼ਕਲ ਸੀ। ਪਰ ਲਾਲ ਦੀ ਗੀਤਾਂ ਦਾ ਮਿਆਰ ਈ ਬੜਾ ਉੱਚਾ ਐ ਇਸ ਕਰਕੇ ਗਾਇਕਾਂ ਨੂੰ ਉਹ ਆਪਣੇ ਆਪ ਰਿਕਾਰਡ ਕਰਾਉਣੇ ਪਏ। ਪਿਛਲੇ ਵਰ੍ਹੇ ਲਾਲ ਨਾਲ ਸਰ੍ਹੀ ਵਿਚ ਮੁਲਾਕਾਤ ਹੋਈ ਉਹ ਬਹੁਤ ਆਪਣੇਪਨ ਨਾਲ ਮਿਲਿਆ ਤੇ ਮੈਨੂੰ ਵੀ ਅਥਾਹ ਖੁਸ਼ੀ ਹੋਈ।

ਵਿਚਕਾਰ ਲਾਲ ਪਧਿਆਣਵੀ ਇੱਕ ਪਾਸੇ ਗੀਤਕਾਰ ਤੇ ਗਾਇਕ ਧਰਮਵੀਰ ਥਾਂਦੀ ਦੂਸਰੇ ਪਾਸੇ ਅਸ਼ੋਕ ਬਾਂਸਲ ਮਾਨਸਾ

"ਲਿੱਤਰਾਂ ਤੋਂ ਆਇਆ ਜੰਡੂ" ਤੇਰੇ ਹੀ ਦੀਦਾਰ ਲਈ

ਜੰਡੂ ਲਿੱਤਰਾਂ

ਗਿੱਧਿਆਂ ਦੀ ਰਾਣੀਏ , ਨੀ ਗਿੱਧੇ ਵਿੱਚ ਆ
ਇਕ ਗੇੜਾ ਦੇ ਜਾ ਨੂੰ ਯਾਰ ਦੇ ਦਿਲਦਾਰ ਲਈ
"ਲਿੱਤਰਾਂ ਤੋਂ ਆਇਆ ਜੰਡੂ" ਤੇਰੇ ਹੀ ਦੀਦਾਰ ਲਈ
ਅੱਖੀਆਂ ਨਸ਼ੀਲੀਆਂ 'ਚੋਂ ਡੰਗ ਕੋਈ ਚਲਾ
ਡੰਗ ਕੋਈ ਚਲਾ, ਨੀ ਸੱਪ ਗੁੱਤ ਦਾ ਬਣਾ
ਗਿੱਧਿਆਂ ਦੀ ਰਾਣੀਏ, ਨੀ ਗਿੱਧੇ ਵਿੱਚ ਆ
ਗਿੱਧੇ ਵਿੱਚ ਆ ਨੀਂ ਜਰਾ ਨੱਚ ਕੇ ਦਿਖਾ
ਗਿੱਧਿਆਂ ਦੀ ਰਾਣੀਏ ਨੀ ਗਿੱਧੇ ਵਿੱਚ ਆ

ਚਾਲੀ ਵਰ੍ਹੇ ਪਹਿਲਾਂ ਏ ਐਸ ਕੰਗ ਦੀ ਆਵਾਜ਼ ਵਿੱਚ ਰਿਕਾਰਡ ਹੋਏ ਇਸ ਗੀਤ ਦੇ ਬੋਲ, ਤਰਜ਼, ਆਵਾਜ਼ ਤੇ ਸੰਗੀਤ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ 'ਚ ਹਮੇਸ਼ਾ ਤਰੋ ਤਾਜ਼ਾ ਰਹਿਣਗੇ, ਟਾਂਵੇ ਟਾਂਵੇ ਗੀਤਕਾਰ ਈ ਹੁੰਦੇ ਹਨ ਜ੍ਹਿਨਾਂ ਦੇ ਗੀਤਾਂ ਨੂੰ ਲੋਕ-ਗੀਤਾਂ ਵਾਂਗੂ ਪਿਆਰ ਮਿਲੇ, ਅਜਿਹੇ ਹੀ ਗੀਤਕਾਰਾਂ ਚੋਂ ਇਕ ਨਾਮ ਹੈ ਹਰਬੰਸ ਜੰਡੂ ਲਿੱਤਰਾਂ ਵਾਲਾ

ਹਰਬੰਸ ਤਾਂ ਮਾਂ ਨੇ ਉਹਦਾ ਨਾਮ ਰੱਖਿਆ, ਜੰਡੂ ਉਹਦੇ ਪਿਉ, ਦਾਦੇ ਪੜਦਾਦੇ ਦਾ ਗੋਤ ਐ, ਤੇ ਲਿੱਤਰਾਂ ਜਲੰਧਰ ਜ਼ਿਲ੍ਹੇ ਦੀ ਨਕੋਦਰ ਤਹਿਸੀਲ ਦਾ ਪਿੰਡ ਐ
1967 'ਚ ਪੰਜਾਬ ਦੀ ਧਰਤੀ ਨੂੰ ਛੱਡ ਹਰਬੰਸ ਸੱਤ ਸਮੁੰਦਰੋਂ ਪਾਰ ਗੋਰਿਆਂ ਦੀ ਧਰਤੀ ਇੰਗਲੈਂਡ ਚਲਾ ਗਿਆ ਸੀ ।
ਹਰਬੰਸ ਨਾਲ ਮੇਰੀ ਮੁਲਾਕਾਤ 2004 ਵਿੱਚ ਇੰਗਲੈਂਡ ਚ ਪੰਜਾਬੀਆਂ ਦੇ ਦੂਜੇ ਵੱਡੇ ਗੜ੍ਹ ਵਜੋਂ ਜਾਣੇ ਜਾਂਦੇ ਬਰਮਿੰਘਮ ਸ਼ਹਿਰ ਦੀ ਵੱਖੀ 'ਚ ਵਸੇ ਛੋਟੇ ਜਿਹੇ ਕਸਬੇ ਵੁਲਵਰਹੈਂਪਟਨ ਵਿੱਖੇ ਹੋਈ ਸੀ, ਇਨੇ ਲੰਮੇ ਅਰਸੇ ਤੋਂ ਇੰਗਲੈਂਡ ਚ ਰਹਿੰਦਾ ਬੰਦਾ ਐਨੇ ਸ਼ੁਧ ਪੰਜਾਬੀ ਰੰਗ ਚ ਰੰਗਿਆ, ਸ਼ੁਧ ਤੇ ਠੇਠ ਪੰਜਾਬੀ ਬੋਲਦਾ, ਮੈਂ ਉਹਦਾ ਆਪਣੀ ਜ਼ੁਬਾਨ ਨਾਲ ਮੌਹ ਦੇਖ ਕੇ ਨਸ਼ਿਆ ਗਿਆ
ਉਂਜ ਤਾਂ ਹਰਬੰਸ ਦੇ ਗੀਤ ਮਹਿੰਦਰ ਕਪੂਰ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਜੈਜ਼ੀ ਬੈਂਸ, ਕਮਲਜੀਤ ਨੀਰੂ, ਸਮੇਤ ਇੰਗਲੈਂਡ ਦੇ ਹਰ ਗਾਇਕ ਨੇ ਗਾਏ ਐ ਪਰ ਉਸਦਾ ਸਭ ਤੋ ਪਹਿਲਾ ਗੀਤ ਗੁਰਦੇਵ ਬੱਲੀ ਤੇ ਕਰਨੈਲ ਚੀਮਾਂ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਸੀ । ਹਰਬੰਸ ਜੰਡੂ ਦੇ ਕੁੱਝ ਗੀਤਾਂ ਦੇ ਮੁਖੜੇ ਜੋ ਚਿਰਾਂ ਤੋ ਮੇਰੇ ਦਿਲ ਵਿੱਚ ਆਲ੍ਹਣਾ ਪਾਈ ਬੈਠੇ ਹਨ

ਬਣਦੇ ਨਾ ਮਹਿਲ ਤੱਕੇ ਰੇਤ ਦੀ ਦੀਵਾਰ ਤੇ
ਜੰਡੂ ਲਿੱਤਰਾਂ ਦਾ ਡੋਰੀ ਸਿੱਟ ਬੈਠਾ ਯਾਰ ਤੇ
ਸੋਂਹਦੀ ਆਪਣੀ ਸਿਫਤ ਨਾਹੀਂ ਆਪੇ
ਮਿਲਦੇ ਨਾ ਹੱਟੀਆਂ ਤੋਂ
ਇਕ ਹੁਸਨ ਜਵਾਨੀ ਦੂਜੇ ਮਾਪੇ
ਮਿਲਦੇ ਨਾ ਹੱਟੀਆਂ ਤੋਂ

ਰਾਸਤਾ ਅਨੋਖਾ, ਪੈਂਡਾ ਬਿਖਰਾ ਪਿਆਰ ਦਾ

ਜੰਡੂ ਲਿੱਤਰਾਂ ਦਾ ਐਂਵੇਂ ਝੂਠ ਨਹੀਓਂ ਮਾਰਦਾ
ਜਿੰਦ ਦੇਕੇ ਮੁੱਲ ਤਾਰੇ ਹਾਣੀਆਂ ਨੇ ਹਾਣ ਦੇ
ਲੱਗੀਆਂ ਦੇ ਦੁੱਖ ਲੋਕੋ ਲਾਉਣ ਵਾਲੇ ਜਾਣਦੇ
ਆਸ਼ਕ ਹੀ ਆਸ਼ਕਾਂ ਦੇ ਦਰਦ ਪਛਾਣਦੇ

ਗਜਰੇ ਗਲੀਆਂ ਵਿੱਚ ਛਣਕਦੇ
ਟੱਲੀ ਵਾਂਗੂੰ ਬੋਲ ਟਣਕਦੇ
ਵੇਖਣ ਦੇ ਲਈ ਮੁੱਖੜਾ ਤੇਰਾ ਹੋ ਗਏ ਬੰਦ ਬਾਜ਼ਾਰ ਨੇ
ਮੋਹ ਲਿਆ ਜ਼ਿਲ੍ਹਾ ਜਲੰਧਰ
ਤੇਰੀ ਝਾਂਜਰ ਦੀ ਛਣਕਾਰ ਨੇ
ਨਾਗਨ ਵਰਗਾ ਜੋਬਨ ਤੇਰਾ
ਜੰਡੂ ਤਾਹੀਂਓ ਬਣੇ ਸਪੇਰਾ
ਨਖਰਾ ਵੇਖ ਕੇ ਬੰਦ ਕਰ ਦਿੱਤੇ ਸਭ ਦਫ਼ਤਰ ਸਰਕਾਰ ਨੇ
ਮੋਹ ਲਿਆ ਜ਼ਿਲ੍ਹਾ ਜਲੰਧਰ
ਤੇਰੀ ਝਾਂਜਰ ਦੀ ਛਣਕਾਰ ਨੇ

ਇਸ਼ਕ ਹੁਸਨ ਦਾ ਮੇਲ ਨਿਆਰਾ
ਛੱਡ ਰਾਂਝੇ ਨੇ ਤਖ਼ਤ ਹਜ਼ਾਰਾ ਖੇੜੀਂ ਅਲਖ ਜਗਾਈ
ਮਲਕੀ ਦੀ ਬੇਟੀ ਹੀਰ ਵੀ ਰਾਹਾਂ ਵਿੱਚ ਦੌੜੀ ਆਈ
ਤੱਕਿਆ ਆਲੇ ਦੁਆਲੇ ਨੇ ਵੀ
ਜੰਡੂ ਲਿੱਤਰਾਂ ਵਾਲੇ ਨੇ ਵੀ
ਠੁੱਮਕ ਠੁੱਮਕ ਪੱਬ ਧਰ ਜੱਟੀ ਨੇ ਖੈਰ ਨਜ਼ਰ ਦੀ ਪਾਈ
ਮਲਕੀ ਦੀ ਬੇਟੀ ਹੀਰ ਵੀ ਰਾਹਾਂ ਵਿੱਚ ਦੌੜੀ ਆਈ

ਪਿਛਲੇ ਵਰ੍ਹੇ ਜਦੋਂ ਮੈਂ ਬਰਮਿੰਘਮ ਗਿਆ ਤਾਂ ਪਤਾ ਲੱਗਾ ਕਿ ਜੰਡੂ ਸਾਹਿਬ ਕਾਫੀ ਬਿਮਾਰ ਚੱਲ ਰਹੇ ਹਨ। ਕਿਸੇ ਨੂੰ ਮਿਲਣ ਦੀ ਅਵਸਥਾ ਵਿੱਚ ਨਹੀਂ। ਆਖਰ 9 ਮਾਰਚ 2025 ਨੂੰ ਬੜੀ ਕੁਲਹਿਣੀ ਖਬਰ ਮਿਲੀ ਕਿ ਜੰਡੂ ਸਾਹਿਬ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ। ਬਹੁਤ ਦੁੱਖ ਹੋਇਆ ਪਰ ਡਾਹਢੇ ਅੱਗੇ ਕੀਹਦਾ ਜ਼ੋਰ । ਬੇਸ਼ੱਕ ਜੰਡੂ ਸਾਹਿਬ ਜਿਸਮਾਨੀ ਤੌਰ ਤੇ ਸਾਡੇ ਵਿੱਚ ਨਹੀਂ ਪਰ ਉਹਦੀ ਗਿੱਧਿਆਂ ਦੀ ਰਾਣੀ ਹਮੇਸ਼ਾ ਪੰਜਾਬੀਆਂ ਦੇ ਦਿਲਾਂ ਤੇ ਧਮਕ ਪਾਉਂਦੀ ਰਹੇਗੀ

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

ਝੋਟੇ ਦੀਆਂ ਗੱਲਾਂ ਹਰ ਥਾਂ ਹੁੰਦੀਆਂ

ਬਚੋ ਜਿੰਨਾ ਬਚ ਹੁੰਦਾ !!!

ਦਸ ਕੁ ਸਾਲ ਤੋ ਤਾਂ ਮੈਂ ਦੇਖ ਰਹੀ ਆਂ ਵੀ ਜਿਹੜੀ ਵੀ ਬਣੀ ਬਣਾਈ ਸਟੇਜ ਹੁੰਦੀ ਆ , ਲੱਖਾ ਤੇ ਭਾਨਾ ਸਿਰ ਫਸਾਉਣ ਜਰੂਰ ਪਹੁੰਚਦੇ ਨੇ। ਇਹ ਨਹੀਂ ਕਿ ਇਹਨਾਂ ਨੂੰ ਤਕਲ਼ੀਫ ਆ ਬਲਕਿ ਇਹਨਾਂ ਨੇ ਹਮੇਸ਼ਾ ਸਟੇਟ ਦਾ ਕੰਮ ਸੌਖਾ ਕਰਨਾ ਹੁੰਦਾ। ਮੌਕਾ ਏ ਵਾਰਦਾਤ ਵਾਲੀ ਦੁਕਾਨ ਨੂੰ ਤੋੜ ਕੇ ਸਾੜਨਾ ਉਸੇ ਖੇਡ ਦਾ ਹਿੱਸਾ ਹੈ । ਨਾ ਸਬੂਤ , ਨਾ ਕਰਾਈਮ ਸੀਨ , ਨਾ ਇਹ ਪਤਾ ਲੱਗੇ ਹੋਰ ਕਿੰਨੀ ਨਸ਼ੀਲੀ ਦਵਾਈ ਹੋਰ ਮੌਜੂਦ ਸੀ ਹੋਰ ਸਰਕਾਰ ਪੱਖੀ ਖੇਡਣਾ ਕੀ ਹੁੰਦਾ।

ਇਹ ਕੋਈ ਬਹਾਦਰੀ ਨਹੀਂ ਹੁੰਦੀ , ਇਹ ਸ਼ਰਾਰਤ ਹੁੰਦੀ ਹੈ । ਲੀਡਰਾਂ ਨਾਲ ਮਿਲ ਕੇ ਜ਼ਮੀਨਾਂ ਦੱਬਣ ਵਾਲ਼ੇ ਪੰਜਾਬ ਦਰਦੀ ਕਦੋ ਤੋ ਬਣ ਗਏ ?? ਸਬੂਤ ਮੇਰੇ ਤੋ ਲੈ ਲਿਓ ਜੇ ਲੋੜ ਪਈ ।

ਮੌਕੇ ਤੇ ਮੌਜੂਦ ਟੀਮ ਨੂੰ ਦੋਵੇਂ ਹੱਥ ਜੋੜ ਕੇ ਬੇਨਤੀ ਹੈ ਕਿ ਕਿਸਾਨ ਧਰਨੇ ਵਾਂਗ ਇਹਨਾਂ ਨੂੰ ਸਟੇਜ ਤੋਂ ਦੂਰ ਰੱਖੋ। ਇਹਨਾਂ ਨੇ ਓਥੇ ਵੀ ਗੰਦ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਲੀਡਰ ਸਿਆਣੇ ਸੀ ਤੇ ਇਹਨਾਂ ਦਾ ਸਟੇਜ ਤੋ ਵਕਤ ਰਹਿੰਦਿਆਂ ਬਾਈਕਾਟ ਕਰਕੇ ਜਿੱਤ ਪੰਜਾਬ ਦੀ ਝੋਲੀ ਪਾਈ !!!

ਬਚੋ ਜਿੰਨਾ ਬਚ ਹੁੰਦਾ !!!

ਹਰਮੀਤ ਬਰਾੜ

ਨਿੱਡਰ ਬੰਦੇ ਦਾ ਕਤਲ ਸਰਕਾਰੀ ਕਤਲ ਆ--

ਪਰਮਿੰਦਰ ਸਿੰਘ ਝੋਟਾ ਮੇਰੇ ਕਲਾਸ ਸਾਥੀ ਸਕੂਲ ਟਾਈਮ ਤੋਂ ਨਿੱਡਰ ਬੰਦੇ ਦਾ ਕਤਲ ਸਰਕਾਰੀ ਕਤਲ ਆ। ਅਸ਼ਵਨੀ ਇੱਕ ਮੋਹਰਾ ਹੈ ਜਿਸਨੂੰ ਵਰਤਿਆ ਗਿਆ। ਉਸ ਪਿੱਛੇ ਮਾਨਸਾ ਜਿਲੇ ਦੀ ਪੁਲਿਸ ਤੰਤਰ ਤੇ ਡਰੱਗ ਕੰਟਰੋਲ ਤੰਤਰ ਤੇ ਡਰੱਗ ਵੇਚਣ ਵਾਲਾ ਮਾਫੀਆ ਹੈ। ਉਸ ਉੱਤੇ ਕੇਸ ਪਾਉਣੇ ਸਰੇਆਮ ਇਸ ਗੱਲ ਦਾ ਸਬੂਤ ਆ । ਇੱਕ ਕੇਸ ਪਾਇਆ ਕਿ 400 ਰੁਪਏ ਦੀ ਫਿਰੋਤੀ ਲਈ। ਕਿੰਨਾ ਸਰਕਾਰੀ ਤੰਤਰ ਗਿਰ ਸਕਦਾ। ਕੋਈ ਕਹਿ ਰਿਹਾ ਕਨੂੰਨ ਹੱਥ ਚ ਲੈਂਦਾ ਸੀ ਪਰ ਜੋ ਸਰੇਆਮ ਡਰੱਗ ਵੇਚਦੇ ਨੇ ਉਹ ਕਨੂੰਨ ਦੀ ਪਾਲਣਾ ਕਰਦੇ ਨੇ। ਲੋਕਾਂ ਨੇ ਸਰਕਾਰ ਚੁਣੀ ਕਿ ਕੁੱਝ ਚੰਗਾ ਕਰੂ ਪਰ ਸਾਡੀ ਸਰਕਾਰ ਦਿੱਲੀ ਆਲੇ ਨੰਗ ਮਲੰਗ ਭਈਆਂ ਦੀ ਰਖੇਲ ਬਣ ਕੇ ਰਹਿ ਗੀ .ਸਾਡੇ ਮੁੱਖ ਮੰਤਰੀ ਨੇ ਜੋ ਕਿਹਾ ਸੀ ਉਸ ਤੋਂ ਉਲਟ ਕੰਮ ਕੀਤੇ । ਨਿੱਤ ਨਸ਼ਿਆਂ ਚ ਕਿੰਨੇ ਪੰਜਾਬ ਦੇ ਪੁਤ ਮਰ ਰਹੇ ਨੇ ਹੁਣ ਤਾਂ ਕੁੜੀਆਂ ਵੀ ਮਰ ਰਹੀਆਂ ਨੇ ਜੋ ਆਪ ਸਰਕਾਰ ਦੀ ਵੱਡੀ ਪ੍ਰਾਪਤੀ ਆ। ਤੇ ਨਸ਼ਿਆਂ ਵਿਰੁੱਧ ਲੜਨ ਵਾਲੇ ਝੋਟੇ ਆਪਣੀਆ ਕੁਰਬਾਨੀਆ ਦੇ ਰਹੇ ਨੇ। ਕਰਨ ਵਾਲੇ ਵੀ ਮਰ ਰਹੇ ਨੇ , ਵਚਾਉਣ ਵਾਲੇ ਵੀ , ਸਾਡੇ ਕੋਲ ਵਚੂ ਕੀ ?

ਸਰਮ ਆਵੇ ਸਰਕਾਰ ਤੇ ਸਰਕਾਰੀ ਤੰਤਰ ਨੂੰ ਜੋ ਨਿੱਤ ਝੋਟੇ ਵਰਗਿਆ ਦੀ ਬਲੀ ਦੇ ਰਹੇ ਨੇ।

ਸਰਕਾਰ ਨੂੰ ਇਕੋ ਬੇਨਤੀ ਆ ਦੁਕਾਨ ਤੇ ਘਰ ਉੱਤੇ ਜੇ ਸੀ ਬੀ ਚਲਾਉਣ ਨਾਲ ਕੁੱਝ ਨੀ ਹੋਣਾ।

ਪੂਰੀ ਇਨਵੈਸਟੀਗੇਸ਼ਨ ਕੀਤੀ ਜਾਵੇ, ਕੱਲੇ ਕੱਲੇ ਨੂੰ ਸਜਾ ਦਿੱਤੀ ਜਾਵੇ , ਇਸ ਚ ਮਾਨਸਾ ਦੇ ਵੱਡੇ ਵੱਡੇ ਅਫ਼ਸਰ ਤੇ ਸਰਕਾਰ ਦੇ ਖਾਸ ਸਾਮਿਲ ਨੇ।

ਆਸ ਕਰਦੇ ਆ ਮੁੱਖ ਮੰਤਰੀ ਇਹ ਕੰਮ ਜਰੂਰ ਚੰਗਾ ਕਰੂਗਾ ਅਸਲ ਚ ਕਿਓਂ ਕੇ ਬਾਕੀ ਤਾਂ ਹਰ ਜਗ੍ਹਾ ਐਕਟਿੰਗ ਹੀ ਕਰਦਾ ਹਰ ਸਟੇਜ ਉੱਤੇ।

ਅਫ਼ਸੋਸ

RIP brother.

ਗੁਰਬਿੰਦਰ ਗਾਗੋਵਾਲ

ਝੋਟੇ ਦੀ ਤਸੀਰ ਦਾ ਫਰਕ

ਪਰਮਿੰਦਰ ਸਿੰਘ ਝੋਟੇ ਦੇ ਪਰਿਵਾਰ ਦੀ ਤਸੀਰ ਦਾ ਫਰਕ ਹੈ । ਸਰਕਾਰ ਹਰ ਧਰਨੇ ਨੂੰ ਜਿੱਥੇ ਜਿੱਤ ਲੈਂਦੀ ਆ ਉਹ ਪੈਸਾ ਤੇ ਨੌਕਰੀ ਹੁੰਦਾ ਪਰ ਇੱਥੇ ਪਰਿਵਾਰ ਨੇ ਦੋਵੇਂ ਮੰਗਾਂ ਹੀ ਨਹੀਂ ਰੱਖੀਆਂ , ... ਅਸੀਂ ਜਾਣਦੇ ਹਾਂ ਇਸ ਪਰਿਵਾਰ ਨੂੰ ਕਦੇ ਖ਼ਰੀਦਿਆ ਨਹੀਂ ਜਾ ਸਕਦਾ ..... ਇਹ ਗੁਰੂ ਦੇ ਲੜ ਲੱਗਿਆ ਟੱਬਰ ਹੈ ...ਇਹ ਬਹੁਤ ਚੜ੍ਹਦੀ ਕਲਾ ਵਾਲਾ ਟੱਬਰ ਹੈ .... ਹਰ ਦੋਸਤ ਨੂੰ ਅਪੀਲ ਹੈ ਕ੍ਰਿਪਾ ਕਰਕੇ ਆਪਣੇ ਬੱਚਿਆਂ ਲਈ .... ਪੰਜਾਬ ਲਈ ... ਅਓ.... ਅਸਲ ਯੁੱਧ ਨਸ਼ਿਆਂ ਵਿਰੁੱਧ ਹੁਣ ਲੜਿਆ ਜਾਣਾ ... ਇਹ ਯੁੱਧ ਦੀ ਪਹਿਲੀ ਕੁਰਬਾਨੀ ਐਵੇਂ ਨਾ ਜਾਵੇ .... ਝੋਟੇ ਦਾ ਡੁਲਿਆ ਲਹੂ ਐਵੇਂ ਜਾ ਜਾਵੇ .... ਹਰ ਉਹ ਮਾਂ , ਭੈਣ ਆਵੇ ਜਿਸਦਾ ਪੁੱਤ,ਭਰਾ,ਪਤੀ ਇਸ ਨਰਕ ,ਚ ਸਵਾਹ ਹੋ ਗਿਆ .... ਆਉ ਤੇ ਦੱਸੋ ਆਪਣੇ ਪਰਿਵਾਰ ਦੇ ਹਾਲਾਤ , ਹੁਣ ਇਹ ਦੁੱਖ ਲਕੋ ਨਹੀਂ ਸਕਦੇ.. ਆਪਣੀ ਜ਼ੁੰਮੇਵਾਰੀ ਸਮਝਦੇ ਹੋਏ ਕਿਸੇ ਵੀ ਤਰੀਕੇ ਨਾਲ ਇਸ ਸੰਘਰਸ਼ ,ਚ ਸ਼ਾਮਲ ਹੋਵੋ , ਜੋ ਨਹੀਂ ਆ ਸਕਦੇ ਸ਼ੋਸ਼ਲ ਮੀਡੀਆ ਤੇ ਬੋਲੋ .. ॥॥॥

ਮਨਜਿੰਦਰ ਸਿੰਘ ਮਾਖਾ

ਜਦੋਂ ਲੋਕ ਜਾਗ ਪੈਣ ?

ਮਾਨਸਾ ਦੀਆਂ ਸੜਕਾਂ 'ਤੇ ਸੁੰਨ ਪਸਰੀ , ਲੋਕ ਆਪਣੇ ਬੱਚਿਆਂ ਦੇ ਭਵਿੱਖ ਲਈ ਇੱਕ ਜੁੱਟ ਹੋਏ।

ਪੰਜਾਬ ਬੰਦ ਨੂੰ ਜਨ ਸਮੂਹ ਵੱਲੋਂ ਭਰਵਾਂ ਸਮਰਥਨ ਹੈ। ਮੈਂ ਮਾਨਸਾ ਪਟਿਆਲਾ ਨੈਸ਼ਨਲ ਹਾਈਵੇ 'ਤੇ ਖੜ੍ਹਾ ਹਾਂ । ਕੋਈ ਵੀ ਵਾਹਨ ਨਹੀਂ ਲੰਘ ਰਿਹਾ। ਕੁੱਝ ਲੋਕ ਪੈਦਲ ਤੁਰ ਘਰਾਂ ਵੱਲ ਜਾਂਦੇ ਦਿਸੇ। ਇੱਕਾ ਦੁੱਕਾ ਦੋ ਪਹੀਆ ਵਾਹਨ ਖੇਤਾਂ ਵੱਲ ਗਏ। ਪੁਲੀਸ ਪਹਿਰੇ ਹੇਠ ਇੱਕ ਸਰਕਾਰੀ ਬੱਸ ਲੰਘੀ ਜਿਸ ਵਿੱਚ ਸਿਰਫ ਡਰਾਇਵਰ ਤੇ ਕਡੰਕਟਰ ਸਨ। ਕੋਈ ਵਿਦਿਆਰਥੀ ਨਹੀਂ ਦਿਸਿਆ। ਦੋਧੀ ਵੀ ਬੰਦ ਵਿੱਚ ਸ਼ਾਮਿਲ ਦਿਸੇ।

ਸਭ ਕੁੱਝ ਵੇਖ ਕੇ ਲੱਗਿਆ ਕਿ ਲੋਕ ਆਪਣੇ ਧੀ ਪੁੱਤਾਂ ਦੀ ਸਲਾਮਤੀ ਚਾਹੁੰਦੇ ਹਨ। ਲੋਕਾਂ ਨੂੰ ਲੱਗਣ ਲੱਗ ਪਿਆ ਹੈ ਕਿ ਆਪਣੀ ਇੱਕਜੁੱਟਤਾ ਬਿਨਾਂ ਸਾਡੀਆਂ ਨਸਲਾਂ ਨਹੀਂ ਬਚਣੀਆਂ। ਲੱਗਦੈ ਜਮੀਰਾਂ ਜਾਗ ਪਈਆਂ ਹਨ । ਤੇ ਜਦੋਂ ਜਮੀਰਾਂ ਜਾਗ ਪੈਣ ਤਾਂ ਸਭ ਮਸਲੇ ਹੱਲ ਕਰ ਲਏ ਜਾਂਦੇ ਹਨ। ਲੋਕ ਅਵਾਜ ਹੈ ਸਾਨੂੰ ਖੰਭਿਆਂ 'ਤੇ ਟੰਗਿਆ ਨਸ਼ਾ ਮੁਕਤ ਪੰਜਾਬ ਨਹੀਂ ਚਾਹੀਦਾ ਸਾਨੂੰ ਖੇਡ ਮੈਦਾਨਾਂ 'ਚ ਖੇਡਦਾ, ਖੇਤਾਂ 'ਚ ਕੰਮ ਕਰਦਾ , ਕੰਮਾਂ ਕਾਰਾਂ ਵਿੱਚ ਲੱਗਿਆ, ਧੀਆਂ ਭੈਣਾਂ ਦੀ ਇੱਜਤ ਕਰਦਾ, ਬੱਚਿਆਂ ਨੂ ਸੰਭਾਲਦਾ ਅਤੇ ਬਜੁਰਗਾਂ ਨੂੰ ਸਤਿਕਾਰਦਾ ਨਸ਼ਾ ਮੁਕਤ ਪੰਜਾਬ ਚਾਹੀਦਾ ਹੈ।

ਪੰਜਾਬ ਜਿੰਦਾਬਾਦ !

ਹਰਦੀਪ ਜਟਾਣਾ ਖ਼ਿਆਲਾ ਮਲਕਪੁਰ

ਜੋ ਕਦੇ ਸ਼ੇਰੇ-ਪੰਜਾਬ ਹੋਇਆ ਕਰਦੇ ਸੀ, ਹੁਣ ਹਾਜ਼ਰ-ਜਨਾਬ ਹੋ ਰਹੇ ਹਾਂ

ਭੀੜ ਦਾ ਹਿੱਸਾ ਹੀ ਬਣ ਕੇ ਰਹਿ ਗਿਆ ਆਖ਼ਰ ਨੂੰ ਮੈਂ,
ਹੁਣ ਮੇਰੇ ਸਿਰ ਵਾਸਤੇ ਕੋਈ ਰਾਖਵਾਂ ਪੱਥਰ ਨਹੀਂ।
ਦਫ਼ਤਰਾਂ ਜਿਹੇ ਬਣ ਗਏ ਨੇ ਘਰ ਅਸਾਡੇ ਦੋਸਤੋ,
ਘਰਾਂ ਵਰਗੇ ਅਜੇ ਵੀ ਬਣ ਸਕੇ ਦਫ਼ਤਰ ਨਹੀਂ।

(ਅਮਰਜੀਤ ਢਿੱਲੋਂ)

ਪੰਜਾਬੀ ਸਮਾਜ ਨੇ ਇੱਕ ਉਹ ਦੌਰ ਵੀ ਵੇਖਿਆ ਹੈ ਜਦੋਂ ਉੱਤਮ ਖੇਤੀ ਮੱਧਮ ਵਪਾਰ ਅਤੇ ਨਖਿੱਧ ਚਾਕਰੀ ਕਿਹਾ ਜਾਂਦਾ ਸੀ। ਪੰਜਾਬ ਦਾ ਅਰਥਚਾਰਾ ਜ਼ਮੀਨ ਅਧਾਰਿਤ ਹੋਣ ਕਰ ਕੇ ਖੇਤੀ ਨੂੰ ਹੀ ਵਧੀਆ ਮੰਨਿਆਂ ਜਾਂਦਾ ਰਿਹਾ ਹੈ। ਕੁੜੀਆਂ ਵੀ ਬੋਲੀ ਪਾਉਂਦੀਆਂ ਸੀ – ਨੌਕਰ ਨੂੰ ਨਾ ਦੇਈਂ ਬਾਬਲਾ, ਹਾਲ਼ੀ ਪੁੱਤ ਬਥੇਰੇ। ਪਰ ਹੌਲ਼ੀ ਹੌਲ਼ੀ ਇਨ੍ਹਾਂ ਸਭ ਬੋਲਾਂ ਦੇ ਅਸਲ ਅਰਥ ਆਪਣਾ ਪਾਸਾ ਪਰਤ ਗਏ ਲਗਦੇ ਹਨ। ਧਰਤ ਨੇੜੇ ਹੋ ਕੇ ਜਿਉਣਾ ਸਾਡੀ ਰੂਹ ਦਾ ਰੱਜ ਰਿਹਾ ਹੈ। ਸ਼ਹਿਰ ਜਾ ਕੇ ਜੇ ਘਰ ਲੈਣਾ ਹੋਵੇ ਤਾਂ ਉਪਰਲੀ ਮੰਜ਼ਿਲ ਦੀ ਧਰਤ ਵਾਲ਼ੀ ਥਾਂ ਹੀ ਲਈ ਜਾਂਦੀ ਸੀ। ਪੰਜਾਬੀਆਂ ਦੇ ਸਭ ਦੁੱਖ- ਸੁਖ, ਅਰਦਾਸਾਂ, ਸੁਪਨੇ ਫਸਲਾਂ ਖਿੜਨ ਨਾਲ਼ ਹੀ ਸਾਹ ਲੈਂਦੇ ਰਹੇ ਹਨ। ਧਰਤੀ ਨਾਲ਼ ਨਿਭਦਿਆਂ ਪੰਜਾਬੀਆਂ ਨੂੰ ਜੋ ਮਾਨਸਿਕ ਤ੍ਰਿਪਤੀ, ਸਕੂਨ ਜਾਂ ਮੇਰ ਕਰਨ ਜੋਗਾ ਨਿੱਘ ਜਾਂ ਅਪਣੱਤ ਪਲ਼ਦੀ ਸੀ, ਉਸ ਨਾਲ਼ ਹੀ ਕਾਲ਼ਜਾ ਠਾਰਨ ਜਿਹਾ ਸੰਬੰਧ ਰਿਹਾ ਹੈ। ਸਾਡੇ ਬਜ਼ੁਰਗਾਂ ਅਨੁਸਾਰ ਉਸ ਸਮੇਂ ਖੇਤੀ ਨਾਲ਼ ਨਿਭਣ ਵਾਲ਼ੇ ਸਾਡੇ ਵਰਤਾਵ ਹੀ ਹੁਣ ਵੱਖਰ ਗਏ ਹਨ। ਸਿਆਣਿਆਂ ਨੇ ਆਪਣੇ ਸੰਬੰਧਾਂ ਨੂੰ ਖੇਤੀ ਨਾਲ਼ ਨਿਭਦਿਆਂ ਕੁੱਝ ਖਾਸ ਨੁਕਤੇ ਨਿਤਾਰੇ ਸਨ, ਜਿਵੇਂ ਸਾਦਗੀ, ਸੰਜਮ, ਮਿਹਨਤ ਅਤੇ ਏਕਾ। ਇਹ ਅਜੇਹੇ ਨੁਕਤੇ ਹਨ ਜੋ ਆਪਣੀਆਂ ਅੰਦਰਲੀਆਂ ਪਰਤਾਂ ਤੱਕ ਅਰਥ ਰਖਦੇ ਹਨ। ਸਾਦਗੀ ਪਹਿਲਾ ਨੁਕਤਾ ਹੈ ਜੋ ਜੱਟ ਖੇਤੀ ਕਰਦਿਆਂ ਮਿੱਟੀ ਨਾਲ਼ ਮਿੱਟੀ ਹੁੰਦਾ ਸਾਦੇ ਲਿਬਾਸ ਵਿੱਚ ਹੀ ਨਿਰਬਾਹ ਕਰਦਾ ਸੀ। ਗੁਰੂ ਸਾਹਿਬ ਨੇ ਵੀ 'ਰੱਖ ਗਰੀਬੀ ਵੇਸ' ਜਿਹਾ ਸਬਕ ਸਿਰਜਿਆ ਹੈ। ਪਹਿਨ-ਪੱਚਰ ਕੇ ਖੇਤੀ ਦਾ ਕੰਮ ਨਹੀਂ ਨਿਭਦਾ। ਆਪੋ ਆਪਣੇ ਕਿੱਤੇ ਅਨੁਸਾਰ ਹੀ ਪਹਿਰਾਵਾ ਨਿਭਦਾ ਰਿਹਾ ਹੈ। ਦੂਜਾ ਨੁਕਤਾ ਸੰਜਮ ਦਾ ਵੀ ਇਸੇ ਸਾਦਗੀ ਦਾ ਇੱਕ ਹਿੱਸਾ ਹੈ। ਫ਼ਜ਼ੂਲ ਖ਼ਰਚੀ ਕਰਨਾ ਜਾਂ ਵਿਤੋਂ ਬਾਹਰ ਹੋ ਕੇ ਖ਼ਰਚ ਕਰ ਲੈਣਾ ਉਸ ਨੂੰ ਗਵਾਰਾ ਨਹੀਂ ਹੈ। ਫਸਲ ਨੇ ਛੇ ਮਹੀਨਿਆਂ ਪਿੱਛੋਂ ਹੀ ਜੇਬ ਤੱਕ ਅਪੜਨਾ ਹੈ। ਇਉਂ ਚਾਦਰ ਦੇਖ ਕੇ ਹੀ ਪੈਰ ਪਸਾਰਨੇ ਸਿੱਖਣੇ ਪੈਂਦੇ ਹਨ। ਦੁਆਲ਼ੇ ਵਿੱਚਰਦੇ ਲੋਕਾਂ ਦੀ ਰੀਸ ਕਰ ਕੇ ਵਿਤੋਂ ਵੱਡੀ ਛਾਲ਼ ਮਾਰਨਾ ਉਸ ਦੀ ਸਮਰੱਥਾ ਤੋਂ ਬਾਹਰ ਹੁੰਦਾ ਹੈ। ਸਾਡੀਆਂ ਬਜ਼ੁਰਗ ਮਾਵਾਂ ਰਾਤਾਂ ਨੂੰ ਸੁਲ਼ਘਦਾ ਗੋਹਾ ਰਾਖ ਦੀ ਪਰਤ ਹੇਠ ਢਕ ਕੇ ਰੱਖ ਲੈਂਦੀਆਂ ਸਨ ਤਾਂ ਜੋ ਦਿਨ ਚੜ੍ਹਦੇ ਨੂੰ ਮਾਚਿਸ ਦੀ ਤੀਲੀ ਵੀ ਨਾ ਬਾਲਣੀ ਪਵੇ। ਤੀਜਾ ਨੁਕਤਾ ਹਰ ਕਿੱਤੇ ਵਿੱਚ ਹੀ ਰੀੜ੍ਹ ਦੀ ਹੱਡੀ ਵਾਂਗ ਰਿਹਾ ਹੈ, ਕਿ ਮਿਹਨਤ ਕਰਨ ਨਾਲ਼ ਹੀ ਮੁੱਲ ਪੈਂਦਾ ਹੈ। ਮੁਰਗੇ ਦੀ ਬਾਂਗ ਨਾਲ਼ ਹੀ ਹਲ ਵਾਹੁਣ ਨਾਲ਼ ਘਰ ਵਿੱਚ ਬਰਕਤ ਆਉਂਦੀ ਰਹੀ ਹੈ। ਪਹੁ ਫੁਟਦੀ ਤੋਂ ਹੀ ਇਸ ਮਿਹਨਤ ਨਾਲ਼ ਜੱਟ ਆਪਣੇ ਸਿਰ ਦਾ ਪਸੀਨਾ ਵੀ ਦਾਣਿਆਂ ਨਾਲ਼ ਹੀ ਸਿਆੜਾਂ ਵਿੱਚ ਬੀਜਦਾ ਰਿਹਾ ਹੈ। ਦਿਨ ਦੇ ਛਿਪਾਅ ਤੱਕ ਉਸ ਨੂੰ ਇਹ ਸਖ਼ਤ ਮਿਹਨਤ ਕਰਨੀ ਹੀ ਪੈਂਦੀ ਸੀ। ਕਦੇ ਸ਼ਨੀਵਾਰ ਜਾਂ ਐਤਵਾਰ ਦੀ ਕੋਈ ਛੁੱਟੀ ਵੀ ਨਸੀਬ ਨਹੀਂ ਹੁੰਦੀ। ਉਸ ਦੀ ਮਿਹਨਤ ਨੂੰ ਥਾਪੜਾ ਦਿੰਦਿਆਂ ਕਿਹਾ ਜਾਂਦਾ ਸੀ – ਦੱਬ ਕੇ ਵਾਹ ਤੇ ਰੱਜ ਕੇ ਖਾ। ਇਨ੍ਹਾਂ ਨੁਕਤਿਆਂ ਤੋਂ ਬਿਨਾਂ ਆਖ਼ਰੀ ਅਤੇ ਵਿਸ਼ੇਸ਼ ਨੁਕਤਾ ਆਪਸੀ ਭਾਈਚਾਰੇ ਦੇ ਨਾਲ਼ ਨਿਭਣ ਦਾ ਕਿਹਾ ਜਾਂਦਾ ਹੈ। ਕਿਸੇ ਕੁਦਰਤੀ ਆਫ਼ਤ ਕਾਰਨ ਜਾਂ ਰੱਬ ਦੀ ਮਾਰ ਝਲਦੇ ਕਿਸੇ ਟੱਬਰ ਨੂੰ ਬਾਹੋਂ ਫੜ ਉਠਾ ਲੈਣ ਦਾ ਜਿਗਰਾ ਸਭ ਰਖਦੇ ਰਹੇ ਹਨ। ਕਿਸੇ ਦੀ ਪਛੜੀ ਖੇਤੀ ਨੂੰ ਰਲ਼ ਕੇ ਸੰਭਾਲ਼ਦੇ ਰਹੇ ਹਨ। ਇਸ ਨਾਲ਼ ਸਭ ਦੀ ਹੱਲਾਸ਼ੇਰੀ ਉਸ ਨੂੰ ਉੱਠਣ ਜੋਗਾ ਕਰਦੀ ਰਹੀ ਹੈ। ਉਸ ਸਮੇਂ ਲੋਕ ਲੱਤਾਂ ਖਿੱਚਣ ਦੀ ਥਾਂ ਬਾਹਾਂ ਤੋਂ ਚੁੱਕ ਕੇ ਬਰਾਬਰ ਦਾ ਕਰਦੇ ਰਹੇ ਹਨ। ਅੱਜ ਖੇਤੀ ਦੇ ਚਾਰੇ ਨੁਕਤੇ ਪੰਜਾਬੀਆਂ ਹੱਥੋਂ ਖਿਸਕ ਗਏ ਹਨ। ਆਪੋ-ਧਾਪੀ ਦੀ ਇਸ ਦੁਨੀਆਂ ਨੇ ਨਿੱਜ-ਪਰਕ ਜੀਵਨ-ਜਾਚ ਸਿਖਾ ਕੇ ਸਭ ਨੂੰ 'ਮੈਨੂੰ ਕੀ' ਜਾਂ 'ਸਾਨੂੰ ਕੀ' ਦੇ ਸਿਰਲੇਖ ਹੇਠ ਸਮੇਟ ਧਰਿਆ ਹੈ। ਹਰ ਪਾਸੇ ਮੈਂ ਜਾਂ ਮੇਰੀ ਦੀ ਸੁਰ ਨੇ ਹੋਰਨਾਂ ਦਾ ਮਹੱਤਵ ਹੀ ਰੋਲ਼ ਧਰਿਆ ਹੈ। ਆਪਣਾ ਆਪ ਖਾਸ ਲਗਦਾ ਹੋਰਨਾਂ ਨੂੰ ਬਸ ਲਗਾਂ ਮਾਤਰਾਂ ਹੀ ਜਾਣਦਾ ਹੈ। ਮਿਹਨਤ ਜਾਂ ਏਕੇ ਦੇ ਰਸਤੇ ਤੋਂ ਅਸੀਂ ਸਭ ਥਿੜਕ ਗਏ ਹਾਂ। ਪਿਛਲੇ ਸਭ ਪੈਨਿਆਂ ਤੋਂ ਸਭ ਸਬਕ ਵਿਸਰ ਗਏ ਹਾਂ। ਵਸਤਾਂ ਦੀ ਪ੍ਰਾਪਤੀ ਲਈ ਮੰਡੀ ਨੇ ਮਾਲ ਪਰੋਸਿਆ ਹੈ। ਅਸੀਂ ਉਸ ਵੱਲ ਭਰਮਾਏ ਆਪਣੇ ਸਭਿਆਚਾਰ ਦੇ ਵਧੀਆ ਨੁਕਤੇ ਗੰਵਾ ਰਹੇ ਹਾਂ। ਪਰ ਵਿਸ਼ੇਸ਼ ਨੁਕਤਾ ਇਹ ਹੈ ਕਿ ਕੋਈ ਵੀ ਇਕੱਲਾ ਬੰਦਾ ਵੱਡਾ ਨਹੀਂ ਹੋ ਸਕਦਾ। ਸਭ ਨੂੰ ਪਤਾ ਹੈ ਕਿ ਜ਼ਰੂਰਤਾਂ ਅਤੇ ਇੱਛਾਵਾਂ ਦੀ ਦੌੜ ਫ਼ਜ਼ੂਲ ਹੋ ਰਹੀ ਹੈ। ਅਸੀਂ ਜੋ ਕਦੇ ਸ਼ੇਰੇ-ਪੰਜਾਬ ਹੋਇਆ ਕਰਦੇ ਸੀ, ਹੁਣ ਹਾਜ਼ਰ-ਜਨਾਬ ਹੋ ਰਹੇ ਹਾਂ। ਕਾਸ਼, ਉਹ ਵਕਤ ਮੁੜ ਲਿਆ ਸਕੀਏ।

ਖਾਣ ਯੋਗ ਰਹੀਆਂ ਨਾ ਫਸਲਾਂ,
ਕਿਰਤ ਵਿਹੂਣੀਆਂ ਹੋਈਆਂ ਨਸਲਾਂ,
ਵੱਧ ਉਪਜ ਦਾ ਲਾਲਚ ਖਾ ਗਿਆ,
ਬੋਹੜ, ਪਿੱਪਲ਼ ਦੀਆਂ ਛਾਵਾਂ ਨੂੰ।

(ਕੁਲਵੰਤ ਔਜਲਾ)

'ਗਲੋਬਲ ਪ੍ਰਵਾਸੀ ਸੀਨੀਅਰਜ਼ ਸੁਸਾਇਟੀ' ਵੱਲੋਂ ਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ ਮਨਾਇਆ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸੰਸਥਾ ਦੇ ਸੰਸਥਾਪਕ ਸੱਤਪਾਲ ਕੌਸ਼ਿਲ ਦੀ ਰਹਿਨੁਮਾਈ ਹੇਠ 'ਗਲੋਬਲ ਪ੍ਰਵਾਸੀ ਸੀਨੀਅਰਜ਼ ਸੁਸਾਇਟੀ' ਵੱਲੋਂ ਵਾਈਟਹੌਰਨ ਕਮਿਊਨਿਟੀ ਹਾਲ ਵਿਖੇ 'ਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ' ਮਨਾਇਆ ਗਿਆ। ਇਸ ਮੌਕੇ ਹਾਲ ਲੋਕਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ।ਬੀਨਾ ਆਸ਼ਰ, ਜ਼ਾਹਿਦ ਬਾਬਾ, ਅਭਿਨੈ, ਚਰਨਦੀਪ ਕੌਰ ਅਤੇ ਉੱਘੇ ਗੀਤਕਾਰ ਡਾ: ਅਲਬੇਲ ਬਰਾੜ ਨੇ ਆਪਣੇ ਸੁਰੀਲੇ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ।

ਇਸ ਮੌਕੇ ਦੋ ਸੀਨੀਅਰ ਮੈਂਬਰਾਂ, ਸ੍ਰੀ ਹਰਗੁਰਜੀਤ ਸਿੰਘ ਮਿਨਹਾਸ ਅਤੇ ਸੁਭਾਸ਼ ਕਾਲੀਆ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸੁਸਾਇਟੀ ਦੇ ਪ੍ਰਧਾਨ ਅਤੇ ਕਾਰਜਕਾਰੀ ਕਮੇਟੀ ਨੇ ਸਮੂਹ ਭਾਗੀਦਾਰਾਂ ਦਾ ਧੰਨਵਾਦ ਕੀਤਾ।

ਬਾਬਾ ਬੌਕਸਰ ਮੁੱਕੇਬਾਜ਼ੀ ਦੇ ਰਿੰਗ ਤੋਂ ਨਸ਼ਾ ਵਿਰੋਧੀ ਜੰਗ ਤੱਕ

ਚਰਨਜੀਤ ਭੁੱਲਰ
91 94170 11171

ਉਸ ਦੀ ਦੋਆਬੇ ’ਚ ‘ਬਾਬਾ ਬੌਕਸਰ’ ਵਜੋਂ ਗੂੰਜ ਪੈਂਦੀ ਸੀ, ਜਦੋਂ ਉਹ ਮਾਲਵੇ ’ਚ ਨਸ਼ਾ ਤਸਕਰਾਂ ਪਿੱਛੇ ਹੱਥ ਧੋ ਕੇ ਪਿਆ ਤਾਂ ਪਰਵਿੰਦਰ ਸਿੰਘ ਝੋਟਾ ਵਜੋਂ ਨਾਮ ਖੱਟ ਗਿਆ। ਉਹ ਵੱਖਰੀ ਜ਼ਿੰਦਗੀ ਦਾ ਮਾਲਕ ਸੀ, ਸਾਦਗੀ ਇੰਨੀ ਕਿ ਚੱਪਲਾਂ ’ਚ ਹੀ ਤੁਰਿਆ ਫਿਰਦਾ ਸੀ। ਅੱਜ ਮਾਨਸਾ ਵਿੱਚ ਉਹ ਗੋਲੀ ਦਾ ਸ਼ਿਕਾਰ ਹੋ ਗਿਆ। ਜੋ ਨਸ਼ੇੜੀਆਂ ਨੂੰ ਗੋਲੀਆਂ ਵੰਡਦਾ ਸੀ ਤੇ ਝੋਟਾ ਰੋਕਦਾ ਸੀ। ਬੌਕਸਿੰਗ ਦੇ ਕੌਮੀ ਖਿਡਾਰੀ ਨੂੰ ਅੱਜ ਜ਼ਿੰਦਗੀ ਦੀ ਰਿੰਗ ’ਚ ਹਰਾ ਦਿੱਤਾ ਗਿਆ।‘ਬਾਬਾ ਬੌਕਸਰ’ ਤੋਂ ‘ਪਰਵਿੰਦਰ ਝੋਟਾ’ ਤੱਕ ਦਾ ਸਫ਼ਰ ਕੋਈ ਸੁਖਾਲਾ ਨਹੀਂ ਰਿਹਾ। ਜੱਦੀ ਪਿੰਡ ਗਾਮੀਵਾਲਾ ਦਾ ਝੋਟਾ ਐਂਟੀ ਡਰੱਗ ਟਾਸਕ ਗਰੁੱਪ ਦਾ ਮੈਂਬਰ ਸੀ। ਪਰਿਵਾਰ ਪੂਰਾ ਗੁਰਸਿੱਖ, ਪਿਤਾ ਭੀਮ ਸਿੰਘ ਸਾਬਕਾ ਫ਼ੌਜੀ ਆਪਣੇ ਨੌਹਰੇ ’ਚ ਡੇਅਰੀ ਚਲਾ ਰਿਹਾ ਸੀ। ਮਾਤਾ ਅਮਰਜੀਤ ਕੌਰ ਸਿਮਰਨ ’ਚ ਲੀਨ ਸੀ। ਪਤਨੀ ਮਨਜੀਤ ਕੌਰ ਅਕਾਲ ਅਕੈਡਮੀ ਜਵਾਹਰ ਕੇ ’ਚ ਅਧਿਆਪਕਾ ਹੈ। ਮਾਪਿਆਂ ਦਾ ਇਕਲੌਤਾ ਪੁੱਤ ਸੀ ਪਰਵਿੰਦਰ ਝੋਟਾ। ਉਸ ਦੇ ਆਪਣੇ ਦੋ ਬੱਚਿਆਂ ਦੀ ਉਮਰ 9 ਸਾਲ ਤੇ ਛੇ ਸਾਲ ਹੈ।

ਮਾਪਿਆਂ ਨੇ ਦੁੱਧ ਦੀ ਭਰੀ ਬਾਲਟੀ ਪਰਵਿੰਦਰ ਅੱਗੇ ਰੱਖ ਦੇਣੀ। ਖ਼ੁਰਾਕ ਅਤੇ ਜੁੱਸੇ ਕਰਕੇ ਉਸ ਦਾ ਨਾਮ ਝੋਟਾ ਪੈ ਗਿਆ। ਮੁੱਢਲੀ ਖੇਡ ਕ੍ਰਿਕਟ ਰਹੀ ਅਤੇ ਬਾਅਦ ’ਚ ਬੌਕਸਰ ਬਣ ਗਿਆ। ਮਾਨਸਾ ਦੇ ਵਿਦਿਆ ਭਾਰਤੀ ਸਕੂਲ ’ਚ ਮੁੱਢਲੀ ਵਿੱਦਿਆ ਲੈਣ ਮਗਰੋਂ ਬਠਿੰਡਾ ਦੇ ਡੀ ਏ ਵੀ ਕਾਲਜ ’ਚ ਪੜ੍ਹਾਈ ਕੀਤੀ। ਆਖ਼ਰ ਉਹ ਜਲੰਧਰ ਦੇ ਲਾਇਲਪੁਰ ਖ਼ਾਲਸਾ ਕਾਲਜ ’ਚ ਗ੍ਰੈਜੂਏਸ਼ਨ ਕਰਨ ਚਲਾ ਗਿਆ। ਉਸ ਨੇ ਸਾਲ 2004-05 ਤੋਂ 2008-09 ਦੌਰਾਨ ਹੈਵੀ ਵੇਟ ਬਾਕਸਿੰਗ ’ਚ ਚਾਰ ਵਾਰ ਇੰਟਰ ਕਾਲਜ ਮੁਕਾਬਲੇ ਵਿੱਚੋਂ ਗੋਲਡ ਮੈਡਲ ਜਿੱਤਿਆ।ਪਰਵਿੰਦਰ ਝੋਟਾ ਚਾਰ ਵਾਰ ਇੰਟਰ ’ਵਰਸਿਟੀ ਮੁਕਾਬਲੇ ’ਚ ਗਿਆ, ਜਿਸ ’ਚੋਂ ਦੋ ਵਾਰ ਮੈਡਲ ਪ੍ਰਾਪਤ ਕੀਤਾ। ਕਾਲਜ ’ਚ ਉਸ ਦੇ ਜੂਨੀਅਰ ਰਹੇ ਹਰਪ੍ਰੀਤ ਸਿੰਘ ਹੈਰੀ, ਜੋ ਹੁਣ ਕੌਮਾਂਤਰੀ ਬੌਕਸਿੰਗ ਕੋਚ ਹਨ, ਨੇ ਦੱਸਿਆ ਕਿ ਪਰਵਿੰਦਰ ਝੋਟਾ ਸਾਨੂੰ ਪੁੱਤਾਂ ਵਾਂਗੂ ਰੱਖਦਾ, ਆਪਣੀ ਕਿੱਟ ਤੇ ਬੂਟ ਵੀ ਦੇ ਦਿੰਦਾ ਸੀ। ਗ਼ਰੀਬ ਖਿਡਾਰੀਆਂ ਦੀ ਮਦਦ ਲਈ ਉਹ ਹਮੇਸ਼ਾ ਅੱਗੇ ਆਇਆ। ਖ਼ਾਲਸਾ ਕਾਲਜ ’ਚ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ ਵੀ ਰਿਹਾ।

ਉਸ ਦੇ ਕਾਲਜ ਦੇ ਕੋਚ ਵਰਿੰਦਰ ਥਾਪਰ ਦਾ ਕਹਿਣਾ ਸੀ ਕਿ ਉਹ ਜਲੰਧਰ ’ਚ ‘ਬਾਬਾ ਬੌਕਸਰ’ ਵਜੋਂ ਮਸ਼ਹੂਰ ਸੀ। ਉਨ੍ਹਾਂ ਦਿਨਾਂ ’ਚ ਜਿਸ ਦੀ ਕੋਈ ਬਾਂਹ ਨਹੀਂ ਫੜਦਾ ਸੀ, ਉਸ ਦੀ ਮਦਦ ਬਾਬਾ ਬੌਕਸਰ ਕਰਦਾ ਸੀ। ਉਸ ਦਾ ਦੋਸਤ ਗਗਨਦੀਪ ਸਿੰਘ ਮਾਨਸਾ ਆਖਦਾ ਹੈ ਕਿ ਉਸ ਨੂੰ ਨਾ ਨੇਤਾ ਬਣਨ ਦੀ ਭੁੱਖ ਸੀ ਅਤੇ ਨਾ ਹੀ ਸਿਆਸਤ ਦੇ ਰਾਹ ਜਾਣ ਦੀ। ਇੱਕ ਵਾਰ ਕਿਸੇ ਨੇ ਉਸ ’ਤੇ ਪਿਸਤੌਲ ਤਾਣ ਲਈ, ਉਸ ਦੀ ਪਿਸਤੌਲ ਹੀ ਖੋਹ ਲਈ। ਉਸ ਦੇ ਮੁਹੱਲੇ ਵਾਲੇ ਆਖਦੇ ਹਨ ਕਿ ਮਸਤ ਮੌਲਾ ਸੀ, ਨਾ ਵਿੰਗ ਨਾ ਵਲ। ਉਸ ਦੀ ਜ਼ਿੰਦਗੀ ਲੀਹੋਂ ਵੀ ਲਹੀ। ਉਹ ਇੱਕ ਵਾਰ ਨਸ਼ਿਆਂ ਦੇ ਰਾਹ ਤੁਰ ਪਿਆ ਸੀ। ਛੇਤੀ ਹੀ ਸੰਭਲ ਗਿਆ ਜਦੋਂ ਉਸ ਦੇ ਮੁਹੱਲੇ ਦੇ ਦੋ ਨੌਜਵਾਨ ਲੜਕੇ ਓਵਰਡੋਜ਼ ਨਾਲ ਜਹਾਨੋਂ ਚਲੇ ਗਏ। ਉਸ ਨੇ 2021-22 ’ਚ ਨਸ਼ਿਆਂ ਖ਼ਿਲਾਫ਼ ਬੀੜਾ ਚੁੱਕ ਲਿਆ। ਮਾਨਸਾ ਦੇ ਨਸ਼ਾ ਵੇਚਣ ਵਾਲੇ ਮੈਡੀਕਲ ਸਟੋਰਾਂ ਦੀਆਂ ਅੱਖਾਂ ’ਚ ਉਹ ਛੇਤੀ ਹੀ ਰੜਕਣ ਲੱਗ ਗਿਆ। ਜੁਲਾਈ 2023 ’ਚ ਉਸ ਨੇ ਮੈਡੀਕਲ ਸਟੋਰ ਵਾਲੇ ਦੇ ਛਿੱਤਰਾਂ ਦਾ ਹਾਰ ਪਾ ਦਿੱਤਾ ਸੀ। ਬੇਬਾਕੀ ਨਾਲ ਬੋਲਦਾ ਸੀ ਜਿਸ ਕਰਕੇ ਪੁਲੀਸ ਵੀ ਦੁਖੀ ਸੀ।

ਉਸ ਕੋਲ ਨਸ਼ਿਆਂ ਤੋਂ ਪੀੜਤਾਂ ਦੇ ਮਾਪਿਆਂ ਦੀ ਕਚਹਿਰੀ ਲੱਗਣ ਲੱਗੀ। ਉਹ ਲੜਨ ਭਿੜਨ ਤੋਂ ਪਿਛਾਂਹ ਨਹੀਂ ਸੀ ਹਟਦਾ। ਦਿਲ ਨਾਲ ਜ਼ਿਆਦਾ ਸੋਚਦਾ ਸੀ, ਦਿਮਾਗ਼ ਨਾਲ ਨਹੀਂ। ਸਾਲ 2009 ਤੋਂ ਸਾਲ 2024 ਦੌਰਾਨ ਉਸ ’ਤੇ ਕੁੱਲ 9 ਪੁਲੀਸ ਕੇਸ ਦਰਜ ਹੋਏ ਜਿਨ੍ਹਾਂ ’ਚੋਂ ਪੰਜ ਕੇਸ ਉਸ ਸਮੇਂ ਦੌਰਾਨ ਹੋਏ ਜਦੋਂ ਉਹ ਨਸ਼ਿਆਂ ਖ਼ਿਲਾਫ਼ ਮੁਹਿੰਮ ’ਚ ਕੁੱਦਿਆ ਹੋਇਆ ਸੀ। ਮਾਨਸਾ ਜ਼ਿਲ੍ਹੇ ਦੇ ਹੀ ਵਸਨੀਕ ਗਾਇਕ ਸਿੱਧੂ ਮੂਸੇਵਾਲਾ ਦਾ 29 ਮਈ 2022 ਨੂੰ ਕਤਲ ਹੋਇਆ ਸੀ। ਸਿੱਧੂ ਮੂਸੇਵਾਲਾ ਅਤੇ ਪਰਵਿੰਦਰ ਝੋਟਾ ਦੀ ਸਕੂਲੀ ਸਿੱਖਿਆ ਮਾਨਸਾ ਦੇ ਵਿੱਦਿਆ ਭਾਰਤੀ ਸਕੂਲ ਦੀ ਹੈ। ਮਾਨਸਾ ਜ਼ਿਲ੍ਹੇ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਥੋੜ੍ਹੇ ਸਮੇਂ ਵਿੱਚ ਦੋ ਝੋਟੇ ਖੋਹ ਲਏ ਹਨ। ਇਕ ਸਿੱਧੂ ਮੂਸੇਵਾਲਾ ਜੋ ਆਪਣੇ ਗੀਤਾਂ ’ਚ ਖੁਦ ਨੂੰ ਝੋਨਾ ਦੱਸਦਾ ਸੀ ਤੇ ਦੂਜਾ ਹੁਣ ਪਰਵਿੰਦਰ ਝੋਟਾ।

ਕਾਤਲ ’ਤੇ ਪਹਿਲਾਂ ਹੀ ਚਾਰ ਮੁਕੱਦਮੇ ਦਰਜ

ਪਰਵਿੰਦਰ ਝੋਟਾ ’ਤੇ ਗੋਲੀ ਚਲਾਉਣ ਵਾਲੇ ਅਸ਼ਵਨੀ ਕੁਮਾਰ ’ਤੇ ਚਾਰ ਪੁਲੀਸ ਕੇਸ ਦਰਜ ਹਨ। ਅਸ਼ਵਨੀ ਕੁਮਾਰ ਮਾਨਸਾ ਸ਼ਹਿਰ ’ਚ ਅਸ਼ਵਨੀ ਮੈਡੀਕੋਜ਼ ਚਲਾ ਰਿਹਾ ਹੈ ਅਤੇ ਉਹ ਸ਼ਹਿਰ ਦੀ ਬਦਨਾਮ ਹਸਤੀ ਬਣ ਚੁੱਕਿਆ ਹੈ। ਉਸ ’ਤੇ ਮਾਨਸਾ ਦੇ ਥਾਣਾ ਸਿਟੀ-2 ’ਚ 3 ਜੁਲਾਈ 2020 ਨੂੰ ਅਤੇ ਮਾਨਸਾ ਸਿਟੀ-1 ਥਾਣੇ ’ਚ 7 ਅਗਸਤ 2013 ਨੂੰ ਐੱਫ਼ ਆਈ ਆਰ ਨੰਬਰ 70 ਦਰਜ ਹੋਈ। ਇਸੇ ਤਰ੍ਹਾਂ 15 ਅਪਰੈਲ 2020 ਨੂੰ ਸਿਟੀ ਵਨ ’ਚ ਅਤੇ 17 ਜੁਲਾਈ 2023 ਨੂੰ ਸਿਟੀ ਟੂ ’ਚ ਐੱਫ਼ ਆਈ ਆਰ ਨੰਬਰ 141 ਦਰਜ ਹੋਈ ਸੀ।

ਹਨੇਰ ਚੀਰਦੀ ਸਵੇਰ

ਮਾਨਸਾ ਤੁਰਦਾ ਹੈ ਤਾਂ ਰਾਹ ਬਣਦੇ ਨੇ..!

ਮਾਨਸਾ ਦੀ ਮਿੱਟੀ ਚੋਂ ਹੁਣ ਇੱਕ ਨਵੀਂ ਲਹਿਰ ਉੱਗਣ ਲੱਗੀ ਹੈ। ਐਂਟੀ ਡਰੱਗ ਟਾਸਕ ਫੋਰਸ ਦੇ ਮੈਂਬਰ ਪਰਵਿੰਦਰ ਸਿੰਘ ਝੋਟਾ ਦੇ ਕਤਲ ਨੇ ਮੁੜ ਮਾਨਸਾ ਦੀ ਜੂਹ ਤੇ ਰੂਹ ਨੂੰ ਵੰਗਾਰਿਆ ਹੈ। ਅੱਜ ਹਰ ਰਾਹ ਮਾਨਸਾ ਨੂੰ ਜਾਂਦਾ ਸੀ। ਸੜਕਾਂ ’ਤੇ ਨਿਕਲੇ ਕਾਫ਼ਲੇ ਦੇਖ ਇੰਜ ਅਹਿਸਾਸ ਹੁੰਦਾ ਸੀ ਕਿ ਮਾਨਸਾ ਤੁਰਦਾ ਹੈ ਤਾਂ ਰਾਹ ਬਣਦੇ ਨੇ। ਨਸ਼ਾ ਵਿਰੋਧੀ ਜੰਗ ਦਾ ਰਣ ਖੇਤਰ ਮਾਨਸਾ ਬਣਨ ਲੱਗਿਆ ਹੈ। ਪਰਵਿੰਦਰ ਝੋਟਾ ਨੇ ਨਸ਼ਾ ਤਸਕਰੀ ਖ਼ਿਲਾਫ਼ ਬੀੜਾ ਚੁੱਕਿਆ ਸੀ। ਉਸ ਦੇ ਢੰਗ ਤਰੀਕੇ ’ਤੇ ਕਿੰਤੂ ਵੀ ਹੋਏ ਸਨ ਪ੍ਰੰਤੂ ਮਿਸ਼ਨ ਬਾਰੇ ਸਭ ਇੱਕ-ਮਿੱਕ ਸਨ। ਮਾਨਸਾ ਦੀ ਤਿਕੋਣੀ ’ਚ ਅੱਜ ਵੱਡਾ ਪੰਡਾਲ ਸਜਿਆ ਜਿਸ ਦੀ ਅਗਵਾਈ 23 ਮੈਂਬਰੀ ਕਮੇਟੀ ਨੇ ਕੀਤੀ। ਸਿਆਸੀ ਧਿਰਾਂ, ਕਿਸਾਨ-ਮਜ਼ਦੂਰ ਜਥੇਬੰਦੀਆਂ, ਨਿਹੰਗ ਸਿੰਘ ਅਤੇ ਆਪ ਮੁਹਾਰੇ ਪਹੁੰਚਣ ਵਾਲੇ ਨੌਜਵਾਨ ਟੁੱਟ ਚੁੱਕੇ ਮਨੁੱਖੀ ਹੌਸਲੇ ਨੂੰ ਮੁੜ ਬੰਨ੍ਹਦੇ ਨਜ਼ਰ ਆਏ। ਬਠਿੰਡਾ-ਮਾਨਸਾ ਮਾਰਗ, ਮਾਨਸਾ-ਬਰਨਾਲਾ ਸੜਕ, ਮਾਨਸਾ-ਸੁਨਾਮ ਸੜਕ ਅਤੇ ਮਾਨਸਾ-ਸਰਦੂਲਗੜ੍ਹ ਮਾਰਗ ਨੂੰ ਅੱਜ ਸਾਹ ਲੈਣਾ ਨਹੀਂ ਮਿਲਿਆ। ਹਾਲਾਂਕਿ ਮਾਨਸਾ ਦੇ ਦੁਆਲੇ ਪੁਲੀਸ ਨੇ ਸੁਰੱਖਿਆ ਦਾ ਮੁੰਡਾਸਾ ਮਾਰਿਆ ਹੋਇਆ ਸੀ।

ਪੁਲੀਸ ਦੀ ਘੇਰਾਬੰਦੀ ਦੇ ਬਾਵਜੂਦ ਸੜਕਾਂ ’ਤੇ ਲੰਮੇ ਕਾਫ਼ਲੇ ਸਨ। ਬੀ ਕੇ ਯੂ ਸਿੱਧੂਪੁਰ ਦਾ ਮੋੜ ਤੋਂ ਚੱਲਿਆ ਕਾਫ਼ਲਾ ਦੋ ਪੁਲੀਸ ਨਾਕੇ ਤੋੜ ਕੇ ਮਾਨਸਾ ਪਹੁੰਚਿਆ। ਮਾਨਸਾ ਸ਼ਹਿਰ ਬੰਦ ਸੀ ਅਤੇ ਸੜਕਾਂ ਜਾਮ ਸਨ। ਮਾਨਸਾ ਪੁੱਜ ਰਹੇ ਹਰ ਕਦਮ, ਹਰ ਨਾਅਰੇ ਅਤੇ ਅੱਖਾਂ ’ਚ ਤੈਰਦਾ ਰੋਹ ਇੱਕ ਨਵੀਂ ਸਕਰਿਪਟ ਲਿਖ ਰਿਹਾ ਸੀ। ਕਿਸਾਨ ਨੇਤਾ ਰਾਮ ਸਿੰਘ ਭੈਣੀ ਬਾਘਾ ਆਖਦਾ ਹੈ ਕਿ ਅੱਜ ਲੋਕ ਰੋਹ ਦਾ ਦਿਨ ਮਾਨਸਾ ਦੇ ਨਾਂ ਸੀ। ਪੰਜਾਬ ਸਰਕਾਰ ਦੇ ਫਲੈਕਸਾਂ ’ਤੇ ਹਰ ਕੋਈ ਗ਼ੁੱਸਾ ਕੱਢ ਰਿਹਾ ਸੀ। ਪੁਲੀਸ ਨੇ ‘ਵਾਰਿਸ ਪੰਜਾਬ ਦੇ’ ਕਿੰਨੇ ਹੀ ਆਗੂ ਅੱਜ ਘਰਾਂ ’ਚ ਨਜ਼ਰਬੰਦ ਵੀ ਰੱਖੇ।ਨਸ਼ਿਆਂ ਦੇ ਭੰਨੇ ਪਰਿਵਾਰ ਅੱਜ ਪੰਡਾਲ ਦਾ ਹਿੱਸਾ ਬਣੇ। ਇੱਕ ਵਿਧਵਾ ਆਪਣੇ ਜਵਾਨ ਪੁੱਤ ਦੀ ਨਸ਼ਿਆਂ ਦੀ ਲਤ ਦੀ ਦੁਹਾਈ ਪਾ ਰਹੀ ਸੀ। ਬਠਿੰਡਾ ਦੀ ਇੱਕ ਭੈਣ ਜਵਾਨ ਭਰਾ ਦੇ ਨਸ਼ਿਆਂ ਦੇ ਰਾਹ ਚਲੇ ਜਾਣ ਦੀ ਕਹਾਣੀ ਰੋ ਰੋ ਕੇ ਦੱਸ ਰਹੀ ਸੀ। ਇੰਜ ਲੱਗਿਆ ਕਿ ਲੋਕ ਲਹਿਰਾਂ ਦੀ ਬੀਂਡੀ ਜੁੜਨ ਵਾਲਾ ਮਾਨਸਾ ਮਰਿਆ ਨਹੀਂ, ਜਾਗਿਆ ਹੈ।ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ, ਸਿਮਰਨਜੀਤ ਸਿੰਘ ਮਾਨਸਾ, ਸੀ ਪੀ ਆਈ ਦੇ ਹਰਦੇਵ ਅਰਸ਼ੀ, ਵਾਰਿਸ ਪੰਜਾਬ ਦੇ ਬਾਪੂ ਤਰਸੇਮ ਸਿੰਘ ਸਮੇਤ ਅਨੇਕਾਂ ਵੱਡੇ ਆਗੂ ਅੱਜ ਪੰਡਾਲ ’ਚ ਪੁੱਜੇ। ਪਰਵਿੰਦਰ ਸਿੰਘ ਝੋਟਾ ਦੀ ਬੇਵਕਤੀ ਮੌਤ ਨੇ ਦਿਹਾਤੀ ਪੰਜਾਬ ਨੂੰ ਜਗਾ ਦਿੱਤਾ ਹੈ। ਵੱਡੀ ਗਿਣਤੀ ’ਚ ਪਹੁੰਚੀ ਜਵਾਨੀ ਦੇ ਸਬਰ ਦਾ ਬੰਨ੍ਹ ਅੱਜ ਟੁੱਟਿਆ ਨਜ਼ਰ ਆਇਆ। ਪ੍ਰੋ. ਜਗਤਾਰ ਸਿੰਘ ਜੋਗਾ ਆਖਦੇ ਹਨ ਕਿ ਮਾਨਸਾ ਦੀ ਧਰਤੀ ਜ਼ਰਖੇਜ਼ ਹੈ ਜਿੱਥੇ ਕਿਸੇ ਲਹਿਰ ਦੇ ਫੁੱਟਣ ’ਚ ਦੇਰ ਨੀ ਲੱਗਦੀ। ਉਨ੍ਹਾਂ ਕਿਹਾ ਕਿ ਲੜ ਕੇ ਜਿਊਣ ਵਾਲਿਆਂ ਦੀ ਇਹ ਧਰਤੀ ਹੈ। ਅੱਜ ਇਹ ਗੱਲ ਵੀ ਸੱਚ ਸਾਬਤ ਹੋ ਗਈ ਕਿ ਜਦੋਂ ਲੋਕ ਸੜਕਾਂ ’ਤੇ ਉੱਤਰ ਜਾਣ, ਵੱਡੇ ਵੱਡਿਆਂ ਦੇ ਮਹਿਲ ਢੇਰੀ ਹੋ ਜਾਂਦੇ ਹਨ। ਅੱਜ ਹੀ ਪਰਵਿੰਦਰ ਝੋਟਾ ਦੇ ਕਾਤਲ ਦੇ ਘਰ ’ਤੇ ਬੁਲਡੋਜ਼ਰ ਚੱਲਿਆ।ਪਿਛਾਂਹ ਦੇਖੀਏ ਤਾਂ ਮੁਜ਼ਾਰਾ ਲਹਿਰ ਦਾ ਕੇਂਦਰ ਮਾਨਸਾ ਦਾ ਪਿੰਡ ਕਿਸ਼ਨਗੜ੍ਹ ਬਣਿਆ। ਪਟਿਆਲਾ ਰਿਆਸਤ ਦੀ ਫ਼ੌਜ ਨੇ ਪਿੰਡ ਨੂੰ ਘੇਰਾ ਪਾ ਲਿਆ ਸੀ ਅਤੇ 19 ਮਾਰਚ 1949 ਨੂੰ ਵੱਡੀ ਘਟਨਾ ਵਾਪਰੀ ਜਿਸ ’ਚ ਚਾਰ ਕਿਸਾਨ ਸ਼ਹੀਦ ਹੋ ਗਏ ਸਨ। ਏਨੀ ਲਹਿਰ ਬਣੀ ਕਿ ਮੁਜ਼ਾਰਿਆਂ ਨੂੰ 16 ਲੱਖ ਏਕੜ ਜ਼ਮੀਨ ਦੇ ਹੱਕ ਦੇਣੇ ਪਏ। ਤੇਜਾ ਸਿੰਘ ਸੁਤੰਤਰ ਦੀ ਲਾਲ ਪਾਰਟੀ ਦਾ ਧੁਰਾ ਇਹ ਖ਼ਿੱਤਾ ਰਿਹਾ। ਕਾਮਰੇਡ ਜਗੀਰ ਸਿੰਘ ਜੋਗਾ ਅਤੇ ਧਰਮ ਸਿੰਘ ਫ਼ੱਕਰ ਅੱਗੇ ਲੱਗੇ। ਰਿਆਸਤੀ ਪਰਜਾ ਮੰਡਲ ਦਾ ਮੁੱਢ ਇਸ ਇਲਾਕੇ ਚੋਂ ਬੱਝਿਆ। ਸਾਬਕਾ ਵਿਧਾਇਕ ਹਰਦੇਵ ਅਰਸ਼ੀ ਆਖਦੇ ਹਨ ਕਿ ਅੱਜ ਲੋਕਾਂ ਦਾ ਗ਼ੁੱਸਾ ਅਤੇ ਰੋਹ ਸਰਕਾਰ ਤੇ ਪੁਲੀਸ ਖ਼ਿਲਾਫ਼ ਮਾਨਸਾ ਦੀ ਧਰਤੀ ’ਤੇ ਫੁੱਟਿਆ ਹੈ ਅਤੇ ਪੁਲੀਸ ਰੋਕਾਂ ਦੇ ਬਾਵਜੂਦ ਲੋਕਾਂ ਦਾ ਹੁੰਮ੍ਹ ਹੁੰਮਾ ਕੇ ਪੁੱਜਣਾ ਨਵੇਂ ਸੰਕੇਤ ਦੇ ਰਿਹਾ ਹੈ। ਦੇਖਿਆ ਜਾਵੇ ਤਾਂ ਜਦੋਂ ਗੋਬਿੰਦਪੁਰਾ ਤਾਪ ਬਿਜਲੀ ਘਰ ਲਈ ਜ਼ਮੀਨ ਐਕੁਆਇਰ ਕੀਤੀ ਜਾਣੀ ਸੀ ਤਾਂ ਉਸ ਵਕਤ ਵੀ ਕਿਸਾਨਾਂ ਦਾ ਵੱਡਾ ਘੋਲ ਚੱਲਿਆ ਸੀ। ਨਾਟਕਕਾਰ ਅਜਮੇਰ ਔਲਖ ਮਾਨਸਾ ਦੀ ਧਰਤੀ ਤੋਂ ਹੀ ਲੋਕ ਸੰਘਰਸ਼ਾਂ ਦੀ ਅਲਖ ਜਗਾਉਂਦਾ ਰਿਹਾ। ਜਦੋਂ 2022 ਦੀਆਂ ਚੋਣਾਂ ਹੋਈਆਂ ਤਾਂ ਮਾਨਸਾ ਵਾਲਿਆਂ ਨੇ ਰਵਾਇਤੀ ਧਿਰਾਂ ਨੂੰ ਖੂੰਜੇ ਲਾ ਕੇ ‘ਆਪ’ ਦੀ ਝੋਲੀ ਤਿੰਨੋਂ ਸੀਟਾਂ ਪਾਈਆਂ ਸਨ। ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਮਾਨਸਾ ਦੀ ਮਿੱਟੀ ’ਚ ਹੀ ਮੌਲਿਆ ਜਿਸ ਦੀ ਬੜ੍ਹਕ ਕੌਮਾਂਤਰੀ ਪੱਧਰ ਤੱਕ ਪਈ। ਆਖ਼ਰ ਉਸ ਦੀ 29 ਮਈ 2022 ਨੂੰ ਸ਼ਾਮੀ 5.30 ਵਜੇ ਮਾਨਸਾ ਜ਼ਿਲ੍ਹੇ ’ਚ ਹੱਤਿਆ ਹੋ ਗਈ। ਉਸ ਦੇ ਸ਼ਰਧਾਂਜਲੀ ਸਮਾਗਮ ’ਤੇ ਪੈਰ ਰੱਖਣ ਜੋਗੀ ਥਾਂ ਨਹੀਂ ਸੀ। ਦੇਖਿਆ ਜਾਵੇ ਤਾਂ ਕੁੱਝ ਵਕਫ਼ੇ ਮਗਰੋਂ ਮਾਨਸਾ ਦੀ ਰੂਹ ਕਰਵੱਟ ਲੈਂਦੀ ਹੈ। ਹੁਣ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਨੇ ਨਸ਼ਾ ਵਿਰੋਧੀ ਜੰਗ ਦਾ ਖ਼ਾਕਾ ਉਲੀਕ ਦਿੱਤਾ ਹੈ। ਅੱਜ ਪੰਡਾਲ ’ਚ ਪੁੱਜੇ ਹਰ ਛੋਟੇ ਵੱਡੇ ਨੇਤਾ ਨੇ ਨਸ਼ੇ ਦੀ ਭੱਠੀ ’ਚ ਭੁੱਜਦੇ ਪੰਜਾਬ ਦੀ ਗੱਲ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਹਮਦਰਦੀ ਸਾਂਝੀ ਕਰਦਿਆਂ ਭਰੋਸਾ ਦਿੱਤਾ ਹੈ ਕਿ ਕੋਈ ਵੀ ਦੋਸ਼ੀ ਹੋਵੇ ਤੇ ਚਾਹੇ ਸਾਜ਼ਿਸ਼ ਘਾੜਾ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਅੱਜ ਪੁਲੀਸ ਨੇ ਕਾਤਲ ਅਸ਼ਵਨੀ ਕੁਮਾਰ ਨੂੰ ਵੀ ਕਾਬੂ ਕਰ ਲਿਆ ਗਿਆ ਹੈ। ਪਰਵਿੰਦਰ ਝੋਟਾ ਨਾਲ ਹਮਦਰਦੀ ਰੱਖਣ ਵਾਲਿਆਂ ਦਾ ਇਕੱਠ ਦੱਸ ਰਿਹਾ ਸੀ ਕਿ ਹਨੇਰਾ ਕਿੰਨਾ ਵੀ ਗੂੜ੍ਹਾ ਕਿਉਂ ਨਾ ਹੋਵੇ, ਜੇ ਲੋਕ ਜਾਗ ਪੈਣ ਤਾਂ ਨਵੀਂ ਸਵੇਰ ਜ਼ਰੂਰ ਆਉਂਦੀ ਹੈ। ਪੁਲੀਸ ਦੀ ਨਫ਼ਰੀ ਦੱਸ ਰਹੀ ਸੀ ਕਿ ਵੱਡੇ ਇਕੱਠ ਹਕੂਮਤਾਂ ਨੂੰ ਚੁੱਭਦੇ ਹਨ।

ਮੂਸੇਵਾਲਾ ਤੇ ਪਰਵਿੰਦਰ : ਦੋ ਰੂਹਾਂ, ਇੱਕ ਸੁਭਾਅ

ਬਹੁਤ ਕੁੱਝ ਸਾਂਝਾ ਸੀ ਸਿੱਧੂ ਮੂਸੇਵਾਲਾ ਅਤੇ ਪਰਵਿੰਦਰ ਝੋਟੇ ’ਚ। ਦੋਵੇਂ ਨੌਜਵਾਨ ਸਿਰੇ ਦੇ ਦਲੇਰ ਤੇ ਮੌਤ ਨੂੰ ਮਾਸੀ ਆਖਣ ਵਾਲੇ। ਪਰਵਿੰਦਰ ਝੋਟਾ ਦਾ ਪਿਤਾ ਭੀਮ ਸਿੰਘ ਸਾਬਕਾ ਫ਼ੌਜੀ ਹੈ ਜਦੋਂ ਕਿ ਮੂਸੇਵਾਲਾ ਦਾ ਬਾਪ ਵੀ ਸਾਬਕਾ ਫ਼ੌਜੀ ਹੈ। ਮੂਸੇਵਾਲਾ ਤੇ ਪਰਵਿੰਦਰ ਦੀ ਸਕੂਲੀ ਵਿੱਦਿਆ ਇੱਕੋ ਸਕੂਲ ਦੀ ਹੈ। ਦੋਵੇਂ ਹੀ ਆਖ਼ਰੀ ਸਾਹ ਲੈਣ ਤੋਂ ਪਹਿਲਾਂ ਤੱਕ ਮੌਤ ਦੀਆਂ ਗੱਲਾਂ ਖੁੱਲ੍ਹ ਕੇ ਕਰਦੇ ਰਹੇ। ਦੋਵਾਂ ’ਚ ਇੱਕ ਸੁਮੇਲਤਾ ਇਹ ਵੀ ਸੀ ਕਿ ਦੋਵੇਂ ਰਹਿਣੀ ਬਹਿਣੀ ਦੇ ਦੇਸੀ ਸਨ ਅਤੇ ਸੁਭਾਅ ਦੇ ਫ਼ੱਕਰ।

ਝੋਟੇ ਦੇ ਕਾਤਲ ਕੋਲ ਅਸਲਾ ਕਿੱਥੋਂ ਅਤੇ ਕਿਵੇਂ ਆਇਆ ?

ਚਰਨਜੀਤ ਭੁੱਲਰ ਦੀ ਰਿਪੋਰਟ

ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਨੇ ਮੁਲਜ਼ਮ ਅ

ਨਾਨਾ ਪਾਟੇਕਰ: ਪਰਦੇ ਦੇ ਸਿਪਾਹੀ ਤੋਂ ਖੇਤਰੀ ਫੌਜ ਤੱਕ ਕਾਰਗਿਲ ਯੁੱਧ ਦੌਰਾਨ ਅਸਲ ਸੈਨਿਕਾਂ ਨਾਲ ਬਿਤਾਏ ਦਿਨਾਂ ਦੀ ਕਹਾਣੀ



ਕੇ.ਜੇ. ਸਿੰਘ, ਫ੍ਰੀਲਾਂਸ

ਮੁੰਬਈ ਦੀ ਫਿਲਮ ਜਗਤ ਵਿੱਚ ਆਪਣੀ ਸ਼ਕਤੀਸ਼ਾਲੀ ਅਦਾਕਾਰੀ, ਵਿਲੱਖਣ ਆਵਾਜ਼ ਅਤੇ ਪ੍ਰਭਾਵਸ਼ਾਲੀ ਸੰਵਾਦ-ਸਪੁਰਦਗੀ ਲਈ ਜਾਣੇ ਜਾਂਦੇ ਨਾਨਾ ਪਾਟੇਕਰ ਦੀ ਸ਼ਖਸੀਅਤ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ - ਭਾਰਤੀ ਫੌਜ ਨਾਲ ਉਨ੍ਹਾਂ ਦਾ ਡੂੰਘਾ ਸੰਬੰਧ। ਇਹ ਰਿਸ਼ਤਾ ਸਿਰਫ ਇੱਕ ਫਿਲਮ ਦੀ ਸ਼ੂਟਿੰਗ ਤੱਕ ਸੀਮਿਤ ਨਹੀਂ ਸੀ। ਇੱਕ ਫਿਲਮ ਵਿੱਚ ਇੱਕ ਫੌਜੀ ਅਧਿਕਾਰੀ ਦੀ ਭੂਮਿਕਾ ਨਿਭਾਉਣ ਨਾਲ ਸ਼ੁਰੂ ਹੋਈ ਇਹ ਯਾਤਰਾ, ਉਨ੍ਹਾਂ ਨੂੰ ਅਸਲ ਫੌਜੀ ਸਿਖਲਾਈ ਅਤੇ ਬਾਅਦ ਵਿੱਚ ਟੈਰੀਟੋਰੀਅਲ ਆਰਮੀ ਵਿੱਚ ਲੈ ਗਈ। 'ਪ੍ਰਹਾਰ' ਨੇ ਰੁਖ ਬਦਲ ਦਿੱਤਾ ਨਾਨਾ ਪਾਟੇਕਰ ਦੀ ਫੌਜ ਨਾਲ ਨੇੜਤਾ ਦੀ ਚਰਚਾ ਮੁੱਖ ਤੌਰ 'ਤੇ 1991 ਦੀ ਫਿਲਮ 'ਪ੍ਰਹਾਰ: ਦ ਫਾਈਨਲ ਅਟੈਕ' ਨਾਲ ਜੁੜੀ ਹੋਈ ਹੈ। ਫਿਲਮ ਵਿੱਚ, ਉਨ੍ਹਾਂ ਨੇ ਇੱਕ ਫੌਜੀ ਅਧਿਕਾਰੀ ਦੀ ਭੂਮਿਕਾ ਨਿਭਾਈ ਅਤੇ ਇਸ ਕਿਰਦਾਰ ਨੂੰ ਹਕੀਕਤ ਦੇ ਨੇੜੇ ਲਿਆਉਣ ਲਈ ਭਾਰਤੀ ਫੌਜ ਨਾਲ ਸਖ਼ਤ ਸਿਖਲਾਈ ਲਈ। ਉਨ੍ਹਾਂ ਨੇ ਮਰਾਠਾ ਲਾਈਟ ਇਨਫੈਂਟਰੀ ਦੇ ਸੈਨਿਕਾਂ ਨਾਲ ਮਿਲਟਰੀ ਟ੍ਰੇਨਿੰਗ ਪ੍ਰਾਪਤ ਕੀਤੀ। ਇਹ ਅਨੁਭਵ ਨਾ ਸਿਰਫ਼ ਇੱਕ ਅਭਿਨੇਤਾ ਦੇ ਰੂਪ ਵਿੱਚ ਉਨ੍ਹਾਂ ਲਈ ਤਿਆਰੀ ਸੀ, ਬਲਕਿ ਫੌਜੀ ਜੀਵਨ ਨੂੰ ਨੇੜਿਓਂ ਸਮਝਣ ਦਾ ਮੌਕਾ ਵੀ ਸੀ। ਟੈਰੀਟੋਰੀਅਲ ਆਰਮੀ ਨਾਲ ਜੁੜੇ ਫੌਜੀ ਸਿਖਲਾਈ ਤੋਂ ਬਾਅਦ ਨਾਨਾ ਪਾਟੇਕਰ ਦਾ ਭਾਰਤੀ ਫੌਜ ਨਾਲ ਸਬੰਧ ਹੋਰ ਡੂੰਘਾ ਹੋ ਗਿਆ। ਉਹ ਟੈਰੀਟੋਰੀਅਲ ਆਰਮੀ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਦੇ ਕੈਪਟਨ ਵਜੋਂ ਸੇਵਾ ਕਰਨ ਲਈ ਜਾਣੇ ਜਾਂਦੇ ਹਨ। ਬਾਅਦ ਵਿੱਚ ਉਨ੍ਹਾਂ ਨੂੰ ਆਨਰੇਰੀ ਲੈਫਟੀਨੈਂਟ ਕਰਨਲ ਦਾ ਅਹੁਦਾ ਵੀ ਮਿਲਿਆ। ਇੱਥੇ ਇਹ ਸਪੱਸ਼ਟ ਕਰਨਾ ਮਹੱਤਵਪੂਰਨ ਹੈ ਕਿ ਟੈਰੀਟੋਰੀਅਲ ਆਰਮੀ ਰੈਗੂਲਰ ਆਰਮੀ ਤੋਂ ਵੱਖਰੀ ਪ੍ਰਣਾਲੀ ਹੈ। ਇਸ ਵਿੱਚ, ਨਾਗਰਿਕ ਜੀਵਨ ਨਾਲ ਜੁੜੇ ਲੋਕ ਵੀ ਨਿਰਧਾਰਤ ਫੌਜੀ ਸਿਖਲਾਈ ਅਤੇ ਡਿਊਟੀ ਰਾਹੀਂ ਦੇਸ਼ ਦੀ ਰੱਖਿਆ ਪ੍ਰਣਾਲੀ ਵਿੱਚ ਯੋਗਦਾਨ ਪਾਉਂਦੇ ਹਨ। 1999: ਕਾਰਗਿਲ ਯੁੱਧ ਅਤੇ ਨਾਨਾ ਪਾਟੇਕਰ ਸਾਲ 1999 ਨੂੰ ਕਾਰਗਿਲ ਯੁੱਧ ਕਾਰਨ ਭਾਰਤੀ ਫੌਜੀ ਇਤਿਹਾਸ ਵਿੱਚ ਹਮੇਸ਼ਾ ਯਾਦ ਕੀਤਾ ਜਾਵੇਗਾ। ਇਸ ਦੌਰਾਨ ਨਾਨਾ ਪਾਟੇਕਰ ਨੇ ਫੌਜ ਦੇ ਜਵਾਨਾਂ ਨਾਲ ਰਹਿਣ ਦੀ ਇੱਛਾ ਜ਼ਾਹਰ ਕੀਤੀ। ਰਿਪੋਰਟਾਂ ਦੇ ਅਨੁਸਾਰ, ਉਨ੍ਹਾਂ ਨੇ ਤਤਕਾਲੀ ਰੱਖਿਆ ਮੰਤਰੀ ਜਾਰਜ ਫਰਨਾਂਡਿਸ ਤੋਂ ਇਜਾਜ਼ਤ ਲਈ ਅਤੇ ਫੌਜ ਦੇ ਜਵਾਨਾਂ ਨਾਲ ਕਾਰਗਿਲ ਖੇਤਰ ਵਿੱਚ ਸਮਾਂ ਬਿਤਾਇਆ। ਇਹ ਉਹ ਦੌਰ ਸੀ ਜਦੋਂ ਇੱਕ ਫਿਲਮ ਅਦਾਕਾਰ ਦੁਆਰਾ ਪਰਦੇ 'ਤੇ ਨਿਭਾਇਆ ਗਿਆ 'ਸਿਪਾਹੀ' ਦਾ ਕਿਰਦਾਰ ਅਸਲ ਸੈਨਿਕਾਂ ਦੇ ਜੀਵਨ ਨੂੰ ਨੇੜਿਓਂ ਦੇਖਣ ਦੇ ਅਨੁਭਵ ਵਿੱਚ ਬਦਲ ਗਿਆ ਸੀ। 28 ਜੁਲਾਈ 1999 ਦੀਆਂ ਤਸਵੀਰਾਂ ਨਾਨਾ ਪਾਟੇਕਰ ਦੀ ਕਾਰਗਿਲ ਯਾਤਰਾ ਨਾਲ ਸਬੰਧਤ ਕੁਝ ਪੁਰਾਲੇਖ ਤਸਵੀਰਾਂ 28 ਜੁਲਾਈ 1999 ਨੂੰ ਰਿਕਾਰਡ ਕੀਤੀਆਂ ਗਈਆਂ ਹਨ। ਇਨ੍ਹਾਂ



ਤਸਵੀਰਾਂ ਵਿੱਚ, ਉਹ ਫੌਜ ਦੇ ਜਵਾਨਾਂ ਨਾਲ ਦਿਖਾਈ ਦੇ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਤਸਵੀਰਾਂ ਇੰਡੀਆ ਟੂਡੇ ਆਰਕਾਈਵਜ਼ ਵਿੱਚ ਦਰਜ ਕੀਤੀਆਂ ਗਈਆਂ ਹਨ ਅਤੇ ਪ੍ਰਮੋਦ ਪੁਸ਼ਕਰਨ ਨੂੰ ਫੋਟੋਗ੍ਰਾਫਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਤਸਵੀਰਾਂ ਇੱਕ ਦਸਤਾਵੇਜ਼ੀ ਰਿਕਾਰਡ ਹਨ ਕਿ ਕਾਰਗਿਲ ਨਾਲ ਨਾਨਾ ਪਾਟੇਕਰ ਦਾ ਸਬੰਧ ਸਿਰਫ ਇੱਕ ਫਿਲਮ ਕਹਾਣੀ ਦਾ ਹਿੱਸਾ ਨਹੀਂ ਸੀ। ਕਾਰਗਿਲ ਦੇ ਮੁਸ਼ਕਲ ਭੂਗੋਲ ਅਤੇ ਯੁੱਧ ਦੇ ਹਾਲਾਤਾਂ ਵਿੱਚ ਸੈਨਿਕਾਂ ਦੇ ਜੀਵਨ ਨੂੰ ਨੇੜਿਓਂ ਦੇਖਣਾ ਨਾਨਾ ਪਾਟੇਕਰ ਲਈ ਇੱਕ ਵੱਖਰਾ ਜੀਵਨ ਅਨੁਭਵ ਸੀ। ਬਾਅਦ ਵਿੱਚ ਉਨ੍ਹਾਂ ਨੇ ਆਪਣੇ ਤਜ਼ਰਬਿਆਂ ਬਾਰੇ ਗੱਲ ਕੀਤੀ, ਸੈਨਿਕਾਂ ਦੇ ਜੀਵਨ, ਉਨ੍ਹਾਂ ਦੀਆਂ ਮੁਸ਼ਕਿਲਾਂ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਜ਼ਿਕਰ ਕੀਤਾ।ਇਹ ਅਨੁਭਵ ਉਨ੍ਹਾਂ ਦੀ ਸ਼ਖਸੀਅਤ ਵਿੱਚ ਫੌਜ ਪ੍ਰਤੀ ਉਨ੍ਹਾਂ ਦੇ ਸਤਿਕਾਰ ਨੂੰ ਹੋਰ ਡੂੰਘਾ ਕਰਨ ਵਾਲਾ ਸਾਬਤ ਹੋਇਆ। ਅਭਿਨੇਤਾ ਨਾਨਾ ਪਾਟੇਕਰ ਦੀ ਪਹਿਚਾਣ ਦੀ ਇੱਕ ਹੋਰ ਪਹਿਚਾਣ ਮੁੱਖ ਤੌਰ 'ਤੇ ਇੱਕ ਅਭਿਨੇਤਾ ਦੇ ਰੂਪ ਵਿੱਚ ਹੈ, ਲੇਕਿਨ ਫੌਜ ਦੇ ਨਾਲ ਉਨ੍ਹਾਂ ਦਾ ਜੁੜਾਅ ਉਨ੍ਹਾਂ ਦੇ ਜੀਵਨ ਦਾ ਇੱਕ ਮਹੱਤਵਪੂਰਨ ਅਧਿਆਇ ਹੈ। ਉਸਨੇ ਪਹਿਲਾਂ ਇੱਕ ਫੌਜੀ ਕਿਰਦਾਰ ਲਈ ਸਿਖਲਾਈ ਲਈ, ਫਿਰ ਖੇਤਰੀ ਫੌਜ ਵਿੱਚ ਸ਼ਾਮਲ ਹੋ ਗਿਆ ਅਤੇ ਕਾਰਗਿਲ ਯੁੱਧ ਦੌਰਾਨ ਅਸਲ ਸੈਨਿਕਾਂ ਵਿੱਚ ਰਿਹਾ। ਇਹ ਯਾਤਰਾ ਦਰਸਾਉਂਦੀ ਹੈ ਕਿ ਕਈ ਵਾਰ ਪਰਦੇ 'ਤੇ ਨਿਭਾਇਆ ਗਿਆ ਕਿਰਦਾਰ ਕਲਾਕਾਰ ਦੀ ਅਸਲ ਜ਼ਿੰਦਗੀ 'ਤੇ ਵੀ ਡੂੰਘਾ ਪ੍ਰਭਾਵ ਪਾਉਂਦਾ ਹੈ। ਫੌਜ ਨੂੰ ਸਲਾਮ ਨਾਨਾ ਪਾਟੇਕਰ ਦੀ ਕਹਾਣੀ ਨੂੰ ਸਿਰਫ ਇੱਕ ਫਿਲਮ ਸਟਾਰ ਦੇ ਫੌਜ ਦੇ ਸੰਪਰਕ ਨੂੰ ਵੇਖਣ ਦੀ ਬਜਾਏ ਇੱਕ ਅਨੁਭਵ ਵਜੋਂ ਵੀ ਦੇਖਿਆ ਜਾ ਸਕਦਾ ਹੈ, ਜਿਸ ਨੇ ਉਨ੍ਹਾਂ ਨੂੰ ਭਾਰਤੀ ਸੈਨਿਕਾਂ ਦੇ ਜੀਵਨ ਨੂੰ ਨੇੜਿਓਂ ਸਮਝਣ ਦਾ ਮੌਕਾ ਦਿੱਤਾ। ਅਭਿਨੇਤਾ ਜਿਸ ਨੇ ਪਰਦੇ 'ਤੇ ਇੱਕ ਸਿਪਾਹੀ ਦੀ ਭੂਮਿਕਾ ਨਿਭਾਈ, ਅਸਲ ਸੈਨਿਕਾਂ ਦੇ ਵਿਚਕਾਰ ਜਾ ਕੇ ਖੜ੍ਹੇ ਹੋਏ- ਇਹ ਨਾਨਾ ਪਾਟੇਕਰ ਦੀ ਫੌਜ ਯਾਤਰਾ ਦਾ ਸਭ ਤੋਂ ਯਾਦਗਾਰੀ ਪਹਿਲੂ ਹੈ। ਜੈ ਹਿੰਦ, ਭਾਰਤੀ ਫੌਜ ਦੇ ਸੈਨਿਕਾਂ ਨੂੰ ਸਲਾਮ।

ਪੰਜਾਬ 'ਚ ਨਸ਼ਿਆਂ ਦਾ ਸੰਕਟ: ਦਾਅਵੇ, ਹਕੀਕਤ ਅਤੇ ਭਵਿੱਖ ਦੀ ਰਾਹ



ਗੁਰਮੀਤ ਸਿੰਘ ਪਲਾਹੀ
9815802070

ਸੂਬੇ ਪੰਜਾਬ ਦੇ ਨਸ਼ਿਆਂ ਦੀਆਂ ਜੜ੍ਹਾਂ ਗੁਜਰਾਤ ਦੀਆਂ ਬੰਦਰਗਾਹਾਂ, ਅਫਗਾਨਿਸਤਾਨ ਦੀ ਅਫੀਮ ਦੇ ਖੇਤਾਂ ਅਤੇ ਦੁਨੀਆ ਭਰ ਦੇ ਬਦਲਦੇ ਬਾਜ਼ਾਰ ਤੱਕ ਡੂੰਘੀਆਂ ਫੈਲੀਆਂ ਹੋਈਆਂ ਹਨ। ਨਸ਼ੇ ਸਬੰਧੀ ਪੰਜਾਬ 'ਚ ਪਿਛਲੇ ਸਮੇਂ ਦੌਰਾਨ ਇੰਨੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ, ਪਰ ਸਵਾਲ ਇਹ ਬਣਿਆ ਹੋਇਆ ਹੈ ਕਿ ਆਖਿਰ ਹਾਲਤ ਕਿਉਂ ਨਹੀਂ ਸੁਧਰ ਰਹੇ ?

ਇਸ ਦਾ ਕਾਰਨ ਬਿਲਕੁਲ ਸਪੱਸ਼ਟ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲਿਸ ਜਾਂ ਸੁਰੱਖਿਆ ਏਜੰਸੀਆਂ ਦੀ ਇਕੱਲਿਆਂ ਦੀ ਜੰਗ ਨਹੀਂ ਹੈ। ਇਹ ਪਰਿਵਾਰ, ਸਕੂਲ, ਹਸਪਤਾਲ ਅਤੇ ਸਭ ਤੋਂ ਵੱਧ ਕੇ ਉਸ ਸਮਾਜਿਕ ਭਰੋਸੇ ਦੀ ਲੜਾਈ ਹੈ ਕਿ ਜੋ ਵੀ ਨਾਗਰਿਕ ਨਸ਼ਿਆਂ ਵਿਰੁੱਧ ਡਟ ਕੇ ਖੜ੍ਹਾ ਹੋਏਗਾ, ਉਸ ਨੂੰ ਕਦੇ ਵੀ ਇਕੱਲਾ ਨਹੀਂ ਛੱਡਿਆ ਜਾਏਗਾ।

ਪੰਜਾਬ ਵਿੱਚ ਹਾਲ ਹੀ ਵਿੱਚ ਵਾਪਰੀ ਮਾਨਸਾ ਦੀ ਘਟਨਾ ਨੇ ਸੂਬੇ ਦੇ ਇਤਿਹਾਸ ਵਿੱਚ ਇੱਕ ਨਵਾਂ ਅਤੇ ਗੰਭੀਰ ਮੋੜ ਲਿਆਂਦਾ ਹੈ। ਇਸ ਘਟਨਾ ਵਿੱਚ ਨਸ਼ੇ ਦੇ ਵਿਰੋਧ ਵਿੱਚ ਖੜ੍ਹੇ ਨੌਜਵਾਨ ਅਤੇ ਆਮ ਲੋਕ ਇਸ ਤਰ੍ਹਾਂ ਇੱਕ ਥਾਂ ਇਕੱਠੇ ਹੋਏ ਹਨ, ਜਿਵੇਂ ਪਹਿਲਾਂ ਕਦੇ ਨਹੀਂ ਸਨ ਹੋਏ। ਇਹ ਲੋਕ ਏਕਤਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਪੰਜਾਬ ਦੇ ਲੋਕ ਹੁਣ ਇਸ ਘਾਤਕ ਕੋਹੜ ਵਿਰੁੱਧ ਇੱਕਜੁੱਟ ਹੋ ਕੇ ਵੱਡੀ ਮੂਵਮੈਂਟ ਬਣਾਉਣ ਵੱਲ ਤੁਰ ਪਏ ਹਨ। ਜਿਵੇਂ ਇਤਿਹਾਸ ਵਿੱਚ @ਪੱਗੜੀ ਸੰਭਾਲ ਜੱਟਾ@ ਲਹਿਰ ਨੇ ਪੰਜਾਬ ਦੇ ਕਿਸਾਨਾਂ ਨੂੰ ਇੱਕ ਸਾਂਝੇ ਮੰਚ 'ਤੇ ਲਿਆਂਦਾ ਸੀ, ਬਿਲਕੁਲ ਉਸੇ ਤਰ੍ਹਾਂ ਨਸ਼ਿਆਂ ਖ਼ਿਲਾਫ਼ ਉੱਠ ਰਹੀ ਇਹ ਲੋਕ ਲਹਿਰ ਪੰਜਾਬ ਦੀ ਹੋਂਦ ਅਤੇ ਜਵਾਨੀ ਨੂੰ ਬਚਾਉਣ ਲਈ ਇੱਕ ਵੱਡੀ ਅਤੇ ਸਾਰਥਕ ਜਨ-ਅੰਦੋਲਨ ਦਾ ਰੂਪ ਧਾਰਨ ਕਰ ਸਕਦੀ ਹੈ।

ਇਹ ਘਟਨਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਪੰਜਾਬ ਵਿੱਚ ਨਸ਼ਿਆਂ ਦਾ ਪ੍ਰਕੋਪ ਨਾ ਸਿਰਫ਼ ਵਧਿਆ ਹੋਇਆ ਹੈ, ਸਗੋਂ ਇਸ ਪਿੱਛੇ ਨਸ਼ਾ ਤਸਕਰਾਂ ਅਤੇ ਸਿਆਸੀ-ਅਫ਼ਸਰਸ਼ਾਹੀ ਦੇ ਗੁਪਤ ਗੱਠਜੋੜ ਦੀਆਂ ਤਾਰਾਂ ਵੀ ਜੁੜੀਆਂ ਹੋਈਆਂ ਹਨ।

ਅਸਲ ਵਿੱਚ ਨਸ਼ੇ ਦੇ ਇਸ ਕਾਲੇ ਕਾਰੋਬਾਰ ਵਿੱਚ ਅਰਬਾਂ ਰੁਪਏ ਦੀ ਬੇਨਾਮੀ ਰਕਮ ਕਮਾਈ ਜਾਂਦੀ ਹੈ ਅਤੇ ਕਈ ਵਾਰ ਤਾਕਤਵਰ ਲੋਕਾਂ ਦੀ ਅਸਲ ਥਾਪੀ ਵੀ ਇਨ੍ਹਾਂ ਤਸਕਰਾਂ ਨੂੰ ਮਿਲਦੀ ਹੈ। ਸਰਕਾਰਾਂ ਬਦਲਦੀਆਂ ਹਨ, ਨਵੇਂ ਨਾਅਰੇ ਦਿੱਤੇ ਜਾਂਦੇ ਹਨ, ਵਿਸ਼ੇਸ਼ ਮੁਹਿੰਮਾਂ ਦੇ ਨਾਮ ਬਦਲੇ ਜਾਂਦੇ ਹਨ, ਪਰ ਜ਼ਮੀਨੀ ਹਕੀਕਤ ਅਤੇ ਅੰਕੜੇ ਇਹੋ ਦੱਸਦੇ ਹਨ ਕਿ ਸੰਕਟ ਆਪਣੀ ਜਗ੍ਹਾ ਪੂਰੀ ਤਰ੍ਹਾਂ ਕਾਇਮ ਹੈ ਅਤੇ ਇਹ ਦਿਨੋ-ਦਿਨ ਫੈਲ ਰਿਹਾ ਹੈ।

ਪੰਜਾਬ ਵਿੱਚ ਨਸ਼ਿਆਂ ਦੀ ਇਹ ਭਿਆਨਕ ਸਮੱਸਿਆ ਕੋਈ ਨਵੀਂ ਨਹੀਂ, ਸਗੋਂ ਦੋ ਦਹਾਕੇ ਪੁਰਾਣੀ ਹੋ ਚੁੱਕੀ ਹੈ। ਇਸ ਨੂੰ ਚੋਣਾਂ ਦਾ ਮੁੱਖ ਮੁੱਦਾ ਬਣਿਆ ਵੀ ਪੂਰਾ ਦਹਾਕਾ ਬੀਤ ਚੁੱਕਿਆ ਹੈ। ਸਾਲ 2016 ਵਿੱਚ ਆਈ ਚਰਚਿਤ ਫ਼ਿਲਮ 'ਉੱਡਦਾ ਪੰਜਾਬ' ਨੇ ਇਸ ਮੁੱਦੇ ਨੂੰ ਪੂਰੇ ਦੇਸ਼ ਅਤੇ ਦੁਨੀਆ ਸਾਹਮਣੇ ਨੰਗਾ ਕਰਕੇ ਰੱਖ ਦਿੱਤਾ ਸੀ। ਇਸੇ ਦੌਰ ਵਿੱਚ ਵੱਖ-ਵੱਖ ਸਿਆਸੀ ਦਲਾਂ ਨੇ ਨਸ਼ਾ ਜੜ੍ਹੋਂ ਮਿਟਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਅਤੇ ਕੁਝ ਦਲਾਂ ਦੇ ਪ੍ਰਮੁੱਖ ਨੇਤਾਵਾਂ ਨੇ ਧਾਰਮਿਕ ਅਸਥਾਨਾਂ 'ਤੇ ਸੌਂਹ ਤੱਕ ਖਾਧੀ ਕਿ ਨਸ਼ਿਆਂ ਦੀ ਕਮਰ ਕੁਝ ਹੀ ਹਫ਼ਤਿਆਂ ਵਿੱਚ ਤੋੜ ਦਿੱਤੀ ਜਾਏਗੀ। ਪਰ ਅਫ਼ਸੋਸ, ਉਹ ਵਾਅਦੇ ਅੱਜ ਵੀ ਵਿਰੋਧੀਆਂ ਅਤੇ ਆਮ ਜਨਤਾ ਦੀ ਜ਼ੁਬਾਨ 'ਤੇ ਤਾਨ੍ਹੇ ਬਣ ਕੇ ਵਿਚਰ ਰਹੇ ਹਨ।

ਮੌਜੂਦਾ ਸਰਕਾਰ ਵੱਲੋਂ ਪਹਿਲੀ ਮਾਰਚ 2025 ਨੂੰ @ਯੁੱਧ ਨਸ਼ਿਆਂ ਵਿਰੁੱਧ@ ਨਾਮੀ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਸੀ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ 14 ਸਤੰਬਰ 2026 ਨੂੰ ਜਾਰੀ ਕੀਤੇ ਗਏ ਅੰਕੜੇ ਇਹ ਦੱਸਦੇ ਹਨ ਕਿ 10 ਸਤੰਬਰ 2026 ਤੱਕ ਸੂਬੇ ਵਿੱਚ 60,582 ਮਾਮਲੇ ਦਰਜ ਹੋਏ ਅਤੇ 89,784 ਤਸਕਰ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿੱਚ 708 ਵੱਡੀਆਂ ਮੱਛੀਆਂ ਸ਼ਾਮਲ ਸਨ, ਜੋ 354 ਵੱਡੇ ਵਪਾਰਕ ਮਾਤਰਾ ਵਾਲੇ ਮਾਮਲਿਆਂ ਵਿੱਚ ਕਾਬੂ ਕੀਤੀਆਂ ਗਈਆਂ। ਇਸ ਦੌਰਾਨ ਕੁੱਲ 3,803 ਕਿਲੋ ਹੇਰੋਇਨ, 976 ਕਿਲੋ ਅਫੀਮ, 56 ਟਨ ਪੋਸਤ ਪੁੱਕੀ, 1325 ਕਿਲੋ ਗਾਂਜਾ ਅਤੇ 78 ਲੱਖ ਨਸ਼ੀਲੇ ਕੈਪਸੂਲ ਬਰਾਮਦ ਕੀਤੇ ਗਏ। ਪੁਲਿਸ ਰਿਪੋਰਟ ਮੁਤਾਬਿਕ ਕੁੱਲ 13,430 ਮਾਮਲਿਆਂ ਦਾ ਨਿਪਟਾਰਾ ਹੋਇਆ ਅਤੇ 11,981 ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ (ਜੋ ਕਿ ਲਗਭਗ 99 ਫ਼ੀਸਦੀ ਬਣਦਾ ਹੈ)। ਇਸ ਤੋਂ ਇਲਾਵਾ ਨਸ਼ੇ ਦੀ ਗ਼ੈਰ-ਕਾਨੂੰਨੀ ਕਮਾਈ ਤੋਂ ਬਣਾਈ ਗਈ 366 ਕਰੋੜ ਰੁਪਏ ਦੀ ਜਾਇਦਾਦ ਨੂੰ 914 ਵੱਖ-ਵੱਖ ਮਾਮਲਿਆਂ ਵਿੱਚ ਕੁਰਕ ਕੀਤਾ ਗਿਆ।

ਸਰਕਾਰ ਦਾ ਇਹ ਵੀ ਦਾਅਵਾ ਰਿਹਾ ਹੈ ਕਿ ਇਸ ਅਭਿਆਨ ਦੌਰਾਨ ਨਸ਼ਾ ਪੀੜਤਾਂ ਦੇ ਇਲਾਜ ਅਤੇ ਪੁਨਰਵਾਸ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਅੰਕੜਿਆਂ ਮੁਤਾਬਕ ਲਗਭਗ 90,000 ਲੋਕਾਂ ਨੂੰ ਨਸ਼ਾ ਮੁਕਤ ਕੇਂਦਰਾਂ ਵਿੱਚ ਇਲਾਜ ਲਈ ਦਾਖ਼ਲ ਕੀਤਾ ਗਿਆ, ਪਰ ਖ਼ੁਦ ਸਰਕਾਰੀ ਤੰਤਰ ਨੇ ਵੀ ਇਹ ਸਵੀਕਾਰ ਕੀਤਾ ਹੈ ਕਿ ਸੂਬੇ ਦੇ ਜ਼ਿਆਦਾਤਰ ਨਸ਼ਾ ਮੁਕਤੀ ਅਤੇ ਪੁਨਰਵਾਸ ਕੇਂਦਰ ਮਰੀਜ਼ਾਂ ਨਾਲ ਪੂਰੀ ਤਰ੍ਹਾਂ ਭਰ ਚੁੱਕੇ ਹਨ ਅਤੇ ਉੱਥੇ ਸਹੂਲਤਾਂ ਦੀ ਘਾਟ ਹੈ।

ਇਹ ਸਥਿਤੀ ਦਰਸਾਉਂਦੀ ਹੈ ਕਿ ਪੰਜਾਬ ਅਜੇ ਵੀ ਨਸ਼ਾ ਤਸਕਰਾਂ ਦੀ ਕਾਲੀ ਕਰਤੂਤ ਅਤੇ ਨਸ਼ਈਆਂ ਦੀ ਵੱਡੀ ਗਿਣਤੀ ਕਾਰਨ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਇਹ ਗੱਲ ਵੀ ਬਿਲਕੁਲ ਸਪੱਸ਼ਟ ਹੈ ਕਿ ਨਸ਼ਿਆਂ ਦੇ ਵੱਡੇ ਵਪਾਰੀ ਪੰਜਾਬ ਦੇ ਨਸ਼ਈਆਂ ਦੀ ਮੰਗ ਨੂੰ ਪੂਰਾ ਕਰਨ ਲਈ ਹਰ ਨਵਾਂ ਅਤੇ ਗੁਪਤ ਰਸਤਾ ਲੱਭ ਹੀ ਲੈਂਦੇ ਹਨ।

ਪੰਜਾਬ ਵਿੱਚ ਨਸ਼ਾ ਕੇਵਲ ਜ਼ਮੀਨੀ ਰਸਤਿਆਂ ਰਾਹੀਂ ਹੀ ਨਹੀਂ, ਸਗੋਂ ਅਸਮਾਨੀ ਡਰੋਨਾਂ ਅਤੇ ਦੇਸ਼ ਦੇ ਬਾਕੀ ਸਮੁੰਦਰੀ ਹਿੱਸਿਆਂ ਰਾਹੀਂ ਵੀ ਵੱਡੀਆਂ ਖੇਪਾਂ ਦੇ ਰੂਪ ਵਿੱਚ ਪੁੱਜਦਾ ਹੈ, ਜਿਸ ਦਾ ਮੁੱਖ ਕੇਂਦਰ ਗੁਜਰਾਤ ਦੀਆਂ ਬੰਦਰਗਾਹਾਂ ਹਨ। ਇਨ੍ਹਾਂ ਬੰਦਰਗਾਹਾਂ ਰਾਹੀਂ ਕੋਕੀਨ, ਹੀਰੋਇਨ ਅਤੇ ਟ੍ਰਾਮਾਡੋਲ ਵਰਗੀਆਂ ਘਾਤਕ ਫਾਰਮਾਸਿਊਟੀਕਲ ਦਵਾਈਆਂ ਦੀ ਵੱਡੀ ਪੱਧਰ 'ਤੇ ਤਸਕਰੀ ਹੁੰਦੀ ਹੈ।

ਸਭ ਤੋਂ ਵੱਡਾ ਅਤੇ ਗੰਭੀਰ ਸਵਾਲ ਇਹ ਹੈ ਕਿ ਕੇਵਲ ਪੁਲਿਸ ਜਾਂ ਬਾਰਡਰ ਸਕਿਉਰਟੀ ਫੋਰਸ ਨੂੰ ਇਹ ਜ਼ਿੰਮੇਵਾਰੀ ਸੌਂਪ ਦੇਣਾ ਕਿ ਉਹ ਇਕੱਲੇ ਨਸ਼ਾ ਖ਼ਤਮ ਕਰ ਦੇਣਗੇ, ਕਿੱਥੋਂ ਤੱਕ ਜਾਇਜ਼ ਅਤੇ ਤਰਕਸੰਗਤ ਹੈ ? ਜਦੋਂ ਤੱਕ ਪੰਜਾਬ ਦਾ ਹਰ ਪਰਿਵਾਰ, ਪੰਚਾਇਤ ਅਤੇ ਪੂਰਾ ਸਮਾਜ ਇਸ ਲੜਾਈ ਵਿੱਚ ਸੜਕਾਂ 'ਤੇ ਨਹੀਂ ਉਤਰਦਾ, ਅਤੇ ਜਦੋਂ ਤੱਕ ਨਸ਼ਾ ਕਰਨ ਵਾਲੇ ਪੀੜਤਾਂ ਨੂੰ ਸਮਾਜਿਕ ਤੌਰ 'ਤੇ ਸਿਰਫ਼ 'ਅਪਰਾਧੀ' ਸਮਝਣ ਦੀ ਬਜਾਏ 'ਨਸ਼ੇ ਦਾ ਰੋਗੀ' ਮੰਨ ਕੇ ਉਨ੍ਹਾਂ ਦੇ ਇਲਾਜ ਅਤੇ ਮੁੱਖਧਾਰਾ ਵਿੱਚ ਵਾਪਸੀ ਦੇ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਜਾਂਦੇ, ਤਦ ਤੱਕ ਇਸ ਨਾਸੂਰ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ, ਜਦੋਂ ਤੱਕ ਸਿਆਸੀ ਇੱਛਾ ਸ਼ਕਤੀ ਪੂਰੀ ਤਰ੍ਹਾਂ ਦ੍ਰਿੜ੍ਹ ਨਹੀਂ ਹੁੰਦੀ, ਉਦੋਂ ਤੱਕ ਸਫ਼ਲਤਾ ਮਿਲਣੀ ਅਸੰਭਵ ਹੈ।

ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਵੀ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਜਦੋਂ ਨਸ਼ਾ ਬਾਜ਼ਾਰ 'ਤੇ ਕਿਸੇ ਇੱਕ ਪਾਸਿਓਂ ਦਬਾਅ ਵਧਦਾ ਹੈ, ਤਾਂ ਉਹ ਪੂਰੀ ਤਰ੍ਹਾਂ ਖ਼ਤਮ ਹੋਣ ਦੀ ਬਜਾਏ ਆਪਣਾ ਰੂਪ ਅਤੇ ਰਸਤਾ ਬਦਲ ਲੈਂਦਾ ਹੈ। ਭਾਰਤ ਦੀ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅਧਿਕਾਰਤ ਅੰਕੜੇ ਦੱਸਦੇ ਹਨ ਕਿ ਪੂਰੇ ਦੇਸ਼ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਨਸ਼ਿਆਂ ਦੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਗਈ ਹੈ ਅਤੇ ਲਗਭਗ ਸਵਾ ਚਾਰ ਲੱਖ (4.25 ਲੱਖ) ਲੋਕਾਂ ਉੱਤੇ ਨਸ਼ਿਆਂ ਨਾਲ ਜੁੜੇ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ, ਜਦਕਿ 5.42 ਲੱਖ ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ ਹਨ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਇਹ ਸੰਕਟ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਹੈ, ਸਗੋਂ ਪੂਰਾ ਭਾਰਤ ਇਸ ਦੀ ਗ੍ਰਿਫ਼ਤ ਵਿੱਚ ਹੈ।

ਦੁਨੀਆ ਭਰ ਵਿੱਚ ਵੀ ਨਸ਼ੇ ਦਾ ਕਾਰੋਬਾਰ ਲਗਾਤਾਰ ਵਧ ਰਿਹਾ ਹੈ। ਅੰਤਰਰਾਸ਼ਟਰੀ ਅੰਕੜਿਆਂ ਮੁਤਾਬਕ ਸਾਲ 2024 ਦੌਰਾਨ ਦੁਨੀਆ ਭਰ ਵਿੱਚ ਲਗਭਗ 33.1 ਕਰੋੜ ਲੋਕਾਂ ਨੇ ਨਸ਼ਿਆਂ ਦਾ ਸੇਵਨ ਕੀਤਾ, ਜੋ ਕਿ 15 ਤੋਂ 64 ਸਾਲ ਦੀ ਉਮਰ ਤੱਕ ਦੀ ਆਬਾਦੀ ਦਾ 6.2 ਫ਼ੀਸਦੀ ਬਣਦਾ ਹੈ। ਇਸ ਵਿੱਚ ਸਭ ਤੋਂ ਵੱਡਾ ਹਿੱਸਾ ਭੰਗ ਅਤੇ ਗਾਂਜੇ ਦਾ ਹੈ, ਜਿਸ ਦੀ ਵਰਤੋਂ 25.6 ਕਰੋੜ ਲੋਕਾਂ ਨੇ ਕੀਤੀ। ਅੱਜ ਨਸ਼ੇ ਦਾ ਇਹ ਕਾਰੋਬਾਰ ਪਹਿਲਾਂ ਨਾਲੋਂ ਕਿਤੇ ਵੱਧ ਪੇਚੀਦਾ, ਖ਼ਤਰਨਾਕ ਅਤੇ ਲਚਕੀਲਾ ਹੋ ਚੁੱਕਿਆ ਹੈ। ਲੈਬਾਰਟਰੀਆਂ ਵਿੱਚ ਰਸਾਇਣਕ ਤਰੀਕਿਆਂ ਨਾਲ ਤਿਆਰ ਹੋਣ ਵਾਲੇ ਸਿੰਥੈਟਿਕ ਨਸ਼ੇ, ਘਾਤਕ ਅਫੀਮ

ਪਦਾਰਥ ਅਤੇ ਕਈ ਤਰ੍ਹਾਂ ਦੀਆਂ ਡਿਜ਼ਾਈਨਰ ਦਵਾਈਆਂ ਨੇ ਤਸਕਰੀ ਦਾ ਪੂਰਾ ਨਕਸ਼ਾ ਹੀ ਬਦਲ ਦਿੱਤਾ ਹੈ। ਹੁਣ ਇਹ ਪਦਾਰਥ ਆਨਲਾਈਨ ਮਾਧਿਅਮਾਂ ਰਾਹੀਂ ਵੀ ਆਸਾਨੀ ਨਾਲ ਉਪਲਬਧ ਹੋਣ ਲੱਗੇ ਹਨ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਨੌਜਵਾਨ ਵੀ ਫਸ ਰਹੇ ਹਨ।

ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਨਸ਼ਿਆਂ ਵਿਰੁੱਧ ਵੱਖੋ-ਵੱਖਰੇ ਮਾਡਲ ਅਪਣਾਏ ਗਏ ਹਨ। ਸਾਊਦੀ ਅਰਬ, ਇਰਾਨ ਅਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਵਿੱਚ ਨਸ਼ਾ ਤਸਕਰੀ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਹੈ। ਇਸ ਦੇ ਉਲਟ, ਸਵਿਟਜ਼ਰਲੈਂਡ ਵਰਗੇ ਦੇਸ਼ਾਂ ਵਿੱਚ ਨਸ਼ੇ ਦੀ ਰੋਕਥਾਮ, ਮਰੀਜ਼ਾਂ ਦਾ ਇਲਾਜ, ਨੁਕਸਾਨ ਨੂੰ ਘਟਾਉਣ ਦੇ ਉਪਾਅ ਅਤੇ ਕਾਨੂੰਨੀ ਕਾਰਵਾਈ ਦੇ ਚਾਰ ਪ੍ਰਮੁੱਖ ਸਤੰਭਾਂ 'ਤੇ ਇਕੱਠੇ ਕੰਮ ਕੀਤਾ ਜਾਂਦਾ ਹੈ। ਦੂਜੇ ਪਾਸੇ, ਅਮਰੀਕਾ ਵਿੱਚ ਨਸ਼ੇ ਦਾ ਸੰਕਟ ਸਭ ਤੋਂ ਵੱਧ ਗਹਿਰਾ ਰਿਹਾ ਹੈ, ਜਿੱਥੇ ਸਾਲ 2025 ਦੌਰਾਨ ਲਗਭਗ 79,973 ਮੌਤਾਂ ਸਿਰਫ਼ ਵੱਧ ਨਸ਼ਾ ਮਾਤਰਾ ਲੈਣ ਕਾਰਨ ਹੋਈਆਂ, ਜਦੋਂ ਕਿ 2024 ਵਿੱਚ ਇਹ ਸੰਖਿਆ 81,383 ਸੀ। ਭਾਰਤ ਵਿੱਚ ਵੀ ਕੋਵਿਡ ਮਹਾਮਾਰੀ ਦੇ ਦੌਰਾਨ ਨਸ਼ਾ ਤਸਕਰੀ ਵਿੱਚ ਭਾਰੀ ਵਾਧਾ ਦੇਖਿਆ ਗਿਆ ਅਤੇ ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ ਪੰਜ ਸਾਲਾਂ ਵਿੱਚ ਦੇਸ਼ ਵਿੱਚ ਲੱਖਾਂ ਮਾਮਲੇ ਦਰਜ ਹੋਏ ਹਨ।ਅਸਲ ਸਮੱਸਿਆ ਇਹ ਹੈ ਕਿ ਅਪਰਾਧ ਦੇ ਅਸਲ ਸਰਗਨਾ ਅਤੇ ਵੱਡੇ ਤਸਕਰ ਪਰਦੇ ਪਿੱਛੇ ਪੂਰੀ ਤਰ੍ਹਾਂ ਸੁਰੱਖਿਅਤ ਬੈਠੇ ਰਹਿੰਦੇ ਹਨ, ਜਦੋਂ ਕਿ ਛੋਟੇ ਪੱਧਰ ਦੇ ਨਸ਼ਈ ਜਾਂ ਛੋਟੇ ਕਾਰਕੁਨ ਹੀ ਕਾਨੂੰਨ ਦੀ ਸਖ਼ਤ ਮਾਰ ਹੇਠ ਆਉਂਦੇ ਹਨ। ਸਾਡੀ ਕਾਨੂੰਨੀ ਪ੍ਰਣਾਲੀ ਦੀ ਇਹ ਵੱਡੀ ਖ਼ੋਤ ਹੈ ਕਿ ਕਠੋਰ ਸਜ਼ਾਵਾਂ ਦਾ ਨਿਸ਼ਾਨਾ ਅਕਸਰ ਅਸਲ ਮਾਸਟਰ ਮਾਈਂਡਜ਼ ਦੀ ਬਜਾਏ ਗ਼ਰੀਬ ਅਤੇ ਪੀੜਤ ਲੋਕ ਬਣਦੇ ਹਨ, ਜਦਕਿ ਪੁਨਰਵਾਸ ਅਤੇ ਸਹੀ ਇਲਾਜ ਦਾ ਢਾਂਚਾ ਅਜੇ ਵੀ ਬਹੁਤ ਕਮਜ਼ੋਰ ਹੈ।ਅੱਜ ਜਦੋਂ ਨਸ਼ਾ ਬਾਜ਼ਾਰ ਪੂਰੀ ਤਰ੍ਹਾਂ ਆਨਲਾਈਨ ਨੈੱਟਵਰਕਾਂ ਅਤੇ ਘਾਤਕ ਸਿੰਥੈਟਿਕ ਰਸਾਇਣਾਂ ਰਾਹੀਂ ਇੱਕ ਨਵੀਂ ਅਤੇ ਭਿਆਨਕ ਚੁਣੌਤੀ ਬਣ ਚੁੱਕਿਆ ਹੈ, ਤਾਂ ਇਸ ਨਾਲ ਨਜਿੱਠਣ ਲਈ ਕੇਵਲ ਰਵਾਇਤੀ ਪੁਲਿਸੀਆ ਕਾਰਵਾਈ ਕਾਫ਼ੀ ਨਹੀਂ ਹੋ ਸਕਦੀ। ਮਾਨਸਾ ਵਰਗੀਆਂ ਘਟਨਾਵਾਂ ਤੋਂ ਬਾਅਦ ਪੰਜਾਬ ਵਿੱਚ ਉੱਠ ਰਹੀ ਲੋਕਾਂ ਦੀ ਇੱਕਜੁਟ ਆਵਾਜ਼ ਇਤਿਹਾਸਕ 'ਪੱਗੜੀ ਸੰਭਾਲ ਜੱਟਾ' ਵਰਗੀ ਕਿਸੇ ਵੱਡੀ ਜਨ-ਲਹਿਰ ਦਾ ਮੁੱਢ ਬੰਨ੍ਹ ਸਕਦੀ ਹੈ। ਇਹ ਸਮੇਂ ਦੀ ਮੁੱਖ ਮੰਗ ਹੈ ਕਿ ਨਸ਼ਿਆਂ ਵਿਰੁੱਧ ਡਟ ਕੇ ਆਵਾਜ਼ ਬੁਲੰਦ ਕਰਨ ਵਾਲੇ ਹਰ ਨਾਗਰਿਕ ਅਤੇ ਸਮਾਜਿਕ ਆਗੂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਸਰਕਾਰ ਵੱਲੋਂ ਪੱਕੇ ਤੌਰ 'ਤੇ ਯਕੀਨੀ ਬਣਾਇਆ ਜਾਵੇ, ਨਸ਼ਾ ਪੀੜਤਾਂ ਨੂੰ ਅਪਰਾਧੀ ਸਮਝਣ ਦੀ ਬਜਾਏ ਉਨ੍ਹਾਂ ਨੂੰ ਰੋਗੀ ਮੰਨ ਕੇ ਵਧੀਆ ਇਲਾਜ ਦਿੱਤਾ ਜਾਵੇ, ਅਤੇ ਸਮਾਜ ਆਪਣੇ ਪੱਧਰ 'ਤੇ ਇਸ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਅੱਗੇ ਆਵੇ।

ਭਾਰਤੀ ਮੀਡੀਆ ਦੀ ਵਰਤਮਾਨ ਸਥਿਤੀ

ਪ੍ਰੋ. ਕੁਲਬੀਰ ਸਿੰਘ
ਸੀਨੀਅਰ ਕਾਲਮਨਵੀਸ ਤੇ ਮੀਡੀਆ ਆਲੋਚਕ

ਭਾਰਤ ਵਿਚ ਮੀਡੀਆ ਦਾ ਇਤਿਹਾਸ ਲੋਕਾਂ ਦੀ ਆਵਾਜ਼ ਉਠਾਉਣ ਵਾਲਾ ਰਿਹਾ ਹੈ। ਪਰੰਤੂ ਅਜੋਕੇ ਦੌਰ ਵਿਚ ਭਾਰਤੀ ਮੀਡੀਆ ਡੂੰਘੇ ਸੰਕਟ ਵਿਚੋਂ ਲੰਘ ਰਿਹਾ ਹੈ। ਹਰ ਇਕ ਦੀ ਖ਼ਬਰ ਲੈਣ ਵਾਲਾ ਮੀਡੀਆ ਅੱਜ ਖੁਦ ਸਵਾਲਾਂ ਦੇ ਘੇਰੇ ਵਿਚ ਘਿਰ ਗਿਆ ਹੈ। ਇਸਨੂੰ ਕੇਵਲ ਮੀਡੀਆ ਦੇ ਮਿਆਰ ਵਿਚ ਗਿਰਾਵਟ ਵਜੋਂ ਨਹੀਂ ਵੇਖਿਆ ਜਾ ਸਕਦਾ।

ਵਰਡਲ ਪ੍ਰੈਸ ਫਰੀਡਮ ਇੰਡੈਕਸ ਦੇ ਅੰਕੜੇ ਭਾਰਤੀ ਮੀਡੀਆ ਦੀ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। ਦੁਨੀਆਂ ਦੇ ਸੂਚਕ- ਅੰਕ ਵਿਚ ਇਸਦੀ ਸਥਿਤੀ ਲਗਾਤਾਰ ਹੇਠਾਂ ਖਿਸਕਦੀ ਜਾ ਰਹੀ ਹੈ।

ਅਜੋਕੇ ਭਾਰਤੀ ਮੀਡੀਆ ਦਾ ਸੱਭ ਤੋਂ ਵੱਡਾ ਸੰਕਟ ਇਸਦੀ ਮਾਲਕੀ ਦਾ ਕੇਂਦਰੀਕਰਨ ਹੈ। ਭਾਰਤੀ ਮੀਡੀਆ ਦਾ ਵੱਡ ਹਿੱਸਾ ਵੱਡੇ ਕਾਰੋਬਾਰੀ ਘਰਾਣਿਆ ਦੇ ਹੱਥਾਂ ਵਿਚ ਚਲਾ ਗਿਆ ਹੈ। ਉਹ ਜਦੋਂ ਮਰਜ਼ੀ, ਜਿਹੜੇ ਮਰਜ਼ੀ ਮੀਡੀਆ ਅਦਾਰੇ ਨੂੰ ਪੈਸੇ ਦੇ ਬਲ @ਤੇ ਖਰੀਦ ਲੈਂਦੇ ਹਨ। ਨਤੀਜੇ ਵਜੋਂ ਖਬਰਾਂ ਦੀ ਚੋਣ ਉਨ੍ਹਾਂ ਦੇ ਵਪਾਰਕ ਅਤੇ ਸਿਆਸੀ ਹਿੱਤਾਂ ਅਨੁਸਾਰ ਹੋਣ ਲੱਗਦੀ ਹੈ। ਇਸ ਸਥਿਤੀ ਕਾਰਨ ਉਹ ਸਵਾਲ ਕਦੇ ਉਠਾਏ ਹੀ ਨਹੀਂ ਜਾਂਦੇ, ਜਿਹੜੇ ਮੀਡੀਆ ਨੇ ਉਠਾਉਣੇ ਹੁੰਦੇ ਹਨ। ਦਰਸ਼ਕਾਂ ਤੱਕ ਉਹੀ ਗੱਲ ਪਹੁੰਚਦੀ ਹੈ ਜਿਹੜੀ ਉਹ ਪਹੁੰਚਾਉਣੀ ਚਾਹੁੰਦੇ ਹਨ।

ਜਦੋਂ ਕੋਈ ਮੀਡੀਆ ਅਦਾਰਾ ਅਲੋਚਨਾਤਮਕ ਪਹੁੰਚ ਲੈ ਕੇ ਚੱਲਦਾ ਹੈ ਤਾਂ ਉਸਦੇ ਇਸ਼ਤਿਹਾਰ ਬੰਦ ਕਰ ਦਿੱਤੇ ਜਾਂਦੇ ਹਨ। ਇਹ ਸਥਿਤੀ ਸਾਰੀਆਂ ਧਿਰਾਂ ਲਈ ਅਣਸੁਖਾਵੀਂ ਹੁੰਦੀ ਹੈ।

ਮੀਡੀਆ-ਕਰਮੀਆਂ ਦੀ ਸੁਰੱਖਿਆ ਅਤੇ ਕਾਨੂੰਨੀ ਅੜਿੱਚਣਾ ਦਾ ਡਰ ਮੀਡੀਆ ਦੀ ਕਾਰਗੁਜ਼ਾਰੀ ਨੂੰ ਸਿੱਧੇ ਤੌਰ @ਤੇ ਪ੍ਰਭਾਵਤ ਕਰਦਾ ਹੈ। ਸਾਲਾਂ ਤੱਕ ਚੱਲਣ ਵਾਲੀ ਕਾਨੂੰਨੀ ਪ੍ਰਕਿਰਿਆ ਆਪਣੇ ਆਪ ਵਿਚ ਇਕ ਸਜ਼ਾ ਤੇ ਸੰਕਟ ਬਣ ਜਾਂਦੀ ਹੈ। ਆਨਲਾਈਨ ਟ੍ਰੋਲਿੰਗ, ਧਮਕੀਆਂ ਅਤੇ ਇਸਤਰੀ ਪੱਤਰਕਾਰਾਂ @ਤੇ ਲਗਾਏ ਜਾਂਦੇ ਮਨਘੜਤ ਇਲਜ਼ਾਮ ਇਕ ਭੈਅ ਅਤੇ ਤਣਾਅ ਦਾ ਮਾਹੌਲ ਸਿਰਜ ਦਿੰਦੇ ਹਨ ਜਿਸ ਨਾਲ ਨਿਰਪੱਖ ਅਤੇ ਉਸਾਰੂ ਪੱਤਰਕਾਰੀ ਸਿੱਧੇ-ਅਸਿੱਧੇ ਤੌਰ @ਤੇ ਪ੍ਰਭਾਵਤ ਹੁੰਦੀ ਹੈ।

ਮੌਜੂਦਾ ਮੀਡੀਆ ਦਾ ਇਕ ਵੱਡਾ ਹਿੱਸਾ ਬੇਰੁਜ਼ਗਾਰੀ, ਸਿੱਖਿਆ, ਸਿਹਤ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਜਿਹੇ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਧਿਆਨ ਹਟਾ ਕੇ ਫਿਰਕੂ ਅਤੇ ਜਜ਼ਬਾਤੀ ਮੁੱਦਿਆਂ ਨੂੰ ਉਛਾਲ ਰਿਹਾ ਹੈ। ਇਨ੍ਹਾਂ ਨੂੰ ਸਨਸਨੀਖੇਜ਼ ਬਣਾ ਕੇ ਪੇਸ਼ ਕਰਨ ਵਿਚ ਰੁੱਝਾ ਹੋਇਆ ਹੈ।

ਵਧੇਰੇ ਟੈਲੀਵਿਜ਼ਨ ਸਟੂਡੀਓ ਉਸਾਰੂ ਵਿਚਾਰ-ਵਿਟਾਂਦਰੇ ਦੇ ਮੰਚ ਨਹੀਂ ਰਹੇ, ਸਗੋਂ ਨਫ਼ਰਤ ਫੈਲਾਉਣ ਅਤੇ ਸਮਾਜਕ ਧਰੁਵੀਕਰਨ ਕਰਨ ਦੇ ਅਖਾੜੇ ਬਣ ਗਏ ਹਨ। ਅਸਲੀ ਖਬਰਾਂ ਨੂੰ ਪ੍ਰਾਈਮ ਟਾਈਮ ਕਵਰੇਜ਼ ਨਹੀਂ ਮਿਲਦੀ ਪਰੰਤੂ ਗੈਰ-ਜ਼ਰੂਰੀ ਅਤੇ ਸਨਸਨੀਖੇਜ਼ ਖਬਰਾਂ ਨੂੰ ਘੰਟਿਆਂ ਤੱਕ ਬੇਲੋੜਾ ਵਿਖਾਇਆ ਜਾਂਦਾ ਹੈ।

ਭਾਰਤੀ ਮੀਡੀਆ ਦੀ ਇਹ ਸਥਿਤੀ ਕੇਵਲ ਮੀਡੀਆ ਲਈ ਹੀ ਨਹੀਂ, ਸਗੋਂ ਲੋਕਤੰਤਰ ਲਈ ਇਕ ਚੇਤਾਵਨੀ ਹੈ। ਜਦੋਂ ਤੱਕ ਮੀਡੀਆ ਕਾਰਪੋਰੇਟ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਦਬਾਅ ਤੋਂ ਮੁਕਤ ਹੋ ਕੇ ਮੁੜ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਹੁੰਦਾ, ਤਦ ਤੱਕ ਇਹ ਮਸਲਾ ਹੱਲ ਹੋਣ ਵਾਲਾ ਨਹੀਂ।

ਬੁਨਿਆਦੀ ਬਣਤਰ ਅਤੇ ਨੈਤਿਕ ਸੁਧਾਰਾਂ ਦੀ ਤੁਰੰਤ ਲੋੜ ਹੈ। ਇਕ ਮਜ਼ਬੂਤ ਲੋਕਤੰਤਰ ਦੇ ਚੌਥੇ ਥੰਮ ਵਜੋਂ ਆਪਣਾ ਅਕਸ ਅਤੇ ਭਰੋਸੇਯੋਗਤਾ ਬਹਾਲ ਕਰਨ ਲਈ ਤੁਰੰਤ ਅਜਿਹੇ ਹੋਰ ਕਦਮ ਚੁੱਕਣ ਦੀ ਲੋੜ ਹੈ।

ਸੰਪਾਦਕਾਂ ਨੂੰ ਬਿਨ੍ਹਾਂ ਕਿਸੇ ਦਬਾਅ ਦੇ ਕੰਮ ਕਰਨ ਦੀ ਖੁਲ੍ਹ ਹੋਣੀ ਚਾਹੀਦੀ ਹੈ। ਸਰਕਾਰੀ ਇਸ਼ਤਿਹਾਰਾਂ ਅਤੇ ਵੱਡੇ ਕਾਰਪੋਰੇਟ ਘਰਾਣਿਆਂ 'ਤੇ ਵਿੱਤੀ ਨਿਰਭਰਤਾ ਘਟਾਉਣ ਲਈ ਸੁਤੰਤਰ ਵਿੱਤੀ-ਮਾਡਲਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ।

ਸਟੂਡੀਓ ਬਹਿਸਾਂ ਦੀ ਬਜਾਏ, ਫੀਲਡ ਰਿਪੋਰਟਿੰਗ ਵੱਲ ਪਰਤਣਾ ਪਵੇਗਾ। ਰੌਲੇ-ਰੱਪੇ ਵਾਲੀਆਂ, ਧਰਮ ਅਤੇ ਜਾਤ-ਪਾਤ 'ਤੇ ਆਧਾਰਿਤ ਧਰੁਵੀਕਰਨ ਕਰਨ ਵਾਲੀਆਂ ਬਹਿਸਾਂ ਬੰਦ ਕਰਕੇ ਖੋਜੀ ਰਿਪਰੋਟਿੰਗ ਵੱਲ ਆਉਣਾ ਹੋਵੇਗਾ। ਆਮ ਲੋਕਾਂ ਦੀਆਂ ਮੰਗਾਂ-ਉਮੰਗਾਂ, ਦੁੱਖ-ਦਰਦ ਅਤੇ ਜੀਵਨ-ਯਥਾਰਥ ਨੂੰ ਪੇਸ਼ ਕਰਨਾ ਪਵੇਗਾ।

ਪ੍ਰੈਸ ਕੌਂਸਲ ਆਫ਼ ਇੰਡੀਆ ਅਤੇ ਨਿਊਜ਼ ਬ੍ਰਾਡਕਾਸਟਿੰਗ ਐਂਡ ਡਿਜੀਟਲ ਸਟੈਂਡਰਡਜ਼ ਅਥਾਰਟੀ ਜਿਹੀਆਂ ਸੰਸਥਾਵਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਲੋੜ ਹੈ।

ਅਜੋਕੇ ਡਿਜੀਟਲ ਯੁੱਗ ਵਿਚ ਗੁਮਰਾਹਕੁੰਨ ਜਾਣਕਾਰੀ ਬੜੀ ਤੇਜ਼ੀ ਨਾਲ ਫੈਲਦੀ ਹੈ। ਕਿਸੇ ਵੀ ਖਬਰ ਨੂੰ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਕਰਨ ਤੋਂ ਪਹਿਲਾਂ ਉਸਦੀ ਡੂੰਘਾਈ ਨਾਲ ਪੜਤਾਲ ਕਰਨ ਲਈ ਮੀਡੀਆ ਅਦਾਰਿਆਂ ਅੰਦਰ ਤੱਥ-ਜਾਂਚ ਵਿਭਾਗ ਹੋਣੇ ਚਾਹੀਦੇ ਹਨ। ਸੱਚਾਈ ਨੂੰ ਪੱਖਪਾਤ ਤੋਂ ਉੱਪਰ ਰੱਖਣਾ ਪਵੇਗਾ।ਮੀਡੀਆ ਦੇ ਸੁਧਾਰ ਲਈ ਸਮਾਜ ਦਾ ਚੇਤੰਨ ਹੋਣਾ ਵੀ ਓਨਾ ਹੀ ਜ਼ਰੂਰੀ ਹੈ। ਜਦੋਂ ਲੋਕ ਨਫ਼ਰਤੀ, ਸਨਸਨੀਖੇਜ਼ ਅਤੇ ਗੈਰ-ਮਿਆਰੀ ਸਮੱਗਰੀ ਨੂੰ ਨਜ਼ਰ-ਅੰਦਾਜ਼ ਕਰਕੇ ਸਹੀ, ਸੰਤੁਲਿਤ, ਸੱਚੀ ਤੇ ਮਿਆਰੀ ਪੱਤਰਕਾਰੀ ਦੀ ਮੰਗ ਕਰਨਗੇ ਤਾਂ ਟੀ.ਆਰ.ਪੀ. ਦੀ ਅੰਨ੍ਹੀ ਦੌੜ ਵਿਚ ਲੱਗੇ ਚੈਨਲਾਂ ਨੂੰ ਆਪਣੀ ਦਿਸ਼ਾ ਅਤੇ ਦਸ਼ਾ ਸੁਧਾਰਨੀ ਪਵੇਗੀ।ਭਾਰਤੀ ਮੀਡੀਆ ਨੂੰ ਆਪਣੀ ਗੁਆਚੀ ਸਾਖ ਅਤੇ ਭਰੋਸਾ ਵਾਪਿਸ ਹਾਸਲ ਕਰਨ ਲਈ ਲੋਕਾਂ ਦੀ ਆਵਾਜ਼ ਦੇ ਆਪਣੇ ਬੁਨਿਆਦੀ ਸਿਧਾਂਤ ਵੱਲ ਪਰਤਣਾ ਪਵੇਗਾ।

ਪ੍ਰਗਟ ਸਿੰਘ ਕੋਲ ਸਮਾਂ ਥੋੜ੍ਹਾ ਅਤੇ ਚੁਣੌਤੀਆਂ ਵੱਡੀਆਂ ਹਨ !

ਹਰਮੀਤ ਸਿੰਘ ਮਹਿਰਾਜ
ਵਟਸਐਪ 98786-91567

ਕਾਂਗਰਸ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਇਸ ਦੀ ਸਥਾਪਨਾ 1885 ਵਿੱਚ ਹੋਈ ਸੀ ਅਤੇ ਇਸ ਪਾਰਟੀ ਦਾ ਦੇਸ਼ ਦੀ ਆਜ਼ਾਦੀ ਅੰਦਰ ਵੀ ਵੱਡਾ ਯੋਗਦਾਨ ਰਿਹਾ ਹੈ ਅਜ਼ਾਦੀ ਤੋਂ ਪਹਿਲਾਂ ਇਸ ਪਾਰਟੀ ਦੇ ਨੇਤਾਵਾਂ ਵੱਲੋਂ ਘੱਟ ਗਿਣਤੀਆਂ ਨਾਲ ਵੀ ਵੱਡੇ ਵਾਅਦੇ ਕੀਤੇ ਗਏ ਸਨ ਪ੍ਰੰਤੂ ਅਫਸੋਸ ਅਜ਼ਾਦੀ ਤੋਂ ਬਾਅਦ ਕਾਂਗਰਸ ਪਾਰਟੀ ਉਨ੍ਹਾਂ ਵਾਅਦਿਆਂ ਤੋਂ ਮੁੱਕਰ ਗਈ ਖਾਸ ਕਰਕੇ ਪੰਜਾਬ ਦੇ ਸਬੰਧ ਵਿੱਚ ਕਿਉਂਕਿ ਇੱਥੇ ਪੰਜਾਬੀਆਂ ਦੀ ਪ੍ਰਤੀਨਿਧਤਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਸੀ ਉਸ ਤੋਂ ਬਾਅਦ ਵੀ ਪੰਜਾਬੀਆਂ ਨਾਲ ਭਾਵੇਂ ਕਾਂਗਰਸ ਪਾਰਟੀ ਨੇ ਸਮੇਂ ਸਮੇਂ ਪੰਜਾਬ ਨਾਲ ਧੱਕੇਸ਼ਾਹੀਆ ਦਾ ਦੌਰ ਜਾਰੀ ਰੱਖਿਆ ਉਹ ਚਾਹੇ ਦਰਿਆਈ ਪਾਣੀਆਂ ਦਾ ਮਾਮਲਾ ਸੀ ਜਾਂ ਦਰਿਆਈ ਡੈਮਾਂ ਦੇ ਪ੍ਰਬੰਧ ਦੀ ਗੱਲ ਸੀ ਜਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮਾਮਲਾ ਸੀ ਉਂਝ ਭਾਵੇਂ ਕੇਂਦਰ ਦੀ ਮੌਜੂਦਾ ਭਾਜਪਾ ਸਰਕਾਰ ਜਿਹੜੀ ਕਾਂਗਰਸ ਨਾਲੋਂ ਵੀ ਦੋ ਕਦਮ ਅੱਗੇ ਲੰਘ ਚੁੱਕੀ ਹੈ

ਪੰਜਾਬੀ ਖਾਸ ਕਰਕੇ ਸਿੱਖ ਕੌਮ ਭਾਵੇਂ 1984 ਵਿੱਚ ਕਾਂਗਰਸ ਦੀ ਸਰਕਾਰ ਵੱਲੋਂ ਦਰਬਾਰ ਸਾਹਿਬ ਉੱਪਰ ਕੀਤੇ ਫੌਜੀ ਹਮਲੇ ਕਰਕੇ ਕਾਂਗਰਸ ਤੋਂ ਪੂਰੀ ਤਰ੍ਹਾਂ ਨਰਾਜ਼ ਸਨ ਪ੍ਰੰਤੂ ਦੂਸਰੇ ਪਾਸੇ ਇਸ ਹਮਲੇ ਨੂੰ ਕਰਵਾਉਣ ਵਾਲੀ ਭਾਜਪਾ ਨੇ ਵੀ ਸਿੱਖਾਂ ਅਤੇ ਪੰਜਾਬੀਆਂ ਨਾਲ ਘੱਟ ਨਹੀਂ ਕੀਤੀ ਇਸ ਕਰਕੇ ਪੰਜਾਬੀਆਂ ਨੇ ਦਰਬਾਰ ਸਾਹਿਬ ਤੇ ਹਮਲੇ ਤੋਂ ਬਾਅਦ ਵੀ ਪੰਜਾਬ ਅੰਦਰ 1992,2002 ਅਤੇ 2017 ਦੇ ਦੌਰਾਨ ਕਾਂਗਰਸ ਦੀ ਸਰਕਾਰ ਬਣਾਈ ਹੈ

ਉਂਝ ਭਾਵੇਂ ਅੱਜ ਕੱਲ ਸਿਆਸੀ ਪਾਰਟੀਆਂ ਦੇ ਨੇਤਾਵਾਂ ਦੇਨਿੱਜੀ ਕਿਰਦਾਰ ਦਿਨੋਂ ਦਿਨ ਨੀਵੇਂ ਹੁੰਦੇ ਜਾ ਰਹੇ ਹਨ ਜਿਸ ਦੀ ਤਾਜ਼ਾ ਉਦਾਹਰਣ ਜੇਕਰ ਵੇਖੀਏ ਤਾਂ ਪੰਜਾਬ ਅੰਦਰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਮਿਲਦੀ ਹੈ ਕਿ ਕਿਵੇਂ ਵਿਧਾਨ ਸਭਾ ਅੰਦਰ ਭਗਵੰਤ ਮਾਨ ਇੰਨਾਂ ਨੇਤਾਵਾਂ ਨੂੰ ਸ਼ਰੇਆਮ ਇਹ ਕਹਿੰਦਾ ਰਿਹਾ ਹੈ ਕਿ ਅਸੀਂ ਸੋਨੇ ਦੇ ਬਿਸਕੁਟਾਂ ਦੀ ਸਮਗਲਿੰਗ ਨਹੀਂ ਕੀਤੀ ਜਾਂ ਅਸੀਂ ਕੋਈ ਲੁੱਕ ਦਾ ਸਕੈਂਡਲ ਨਹੀਂ ਕੀਤਾ ਅਤੇ ਦੂਸਰੇ ਨੂੰ ਬੱਸਾਂ ਦੀਆਂ ਬਾਡੀਆਂ ਵਾਲੀਆਂ ਫਾਈਲਾਂ ਵਿਖਾ ਕੇ ਚੁੱਪ ਕਰਵਾ ਦਿੰਦਾ ਸੀ ਜਦੋਂ ਇਹ ਲੋਕ ਆਪ ਕਾਣੇ ਸਨ ਫਿਰ ਇਹ ਵਿਧਾਨ ਸਭਾ ਅੰਦਰ ਜਾਂ ਬਾਹਰ ਪਾਰਟੀ ਪੱਧਰ ਤੇ ਸੱਤਾਧਾਰੀ ਧਿਰ ਦਾ ਵਿਰੋਧ ਕਿਵੇਂ ਕਰ ਸਕਦੇ ਸਨ ? ਦੂਸਰਾ ਪਾਰਟੀ ਦੇ ਕੁਝ ਉਦਯੋਗਪਤੀ ਵਿਧਾਇਕਾਂ ਦੀ ਵੀ ਅੰਦਰ ਖਾਤੇ ਭਗਵੰਤ ਮਾਨ ਸਰਕਾਰ ਨਾਲ ਇੱਕ ਗੱਲ ਹੀ ਸੀ ਚਲੋ ਇਹ ਉਨ੍ਹਾਂ ਦੀ ਮਜ਼ਬੂਰੀ ਵੀ ਹੋ ਸਕਦੀ ਹੈ ਇਸ ਉਕਤ ਸਮੇਂ ਦੌਰਾਨ ਜੇਕਰ ਪੰਜਾਬ ਕਾਂਗਰਸ ਨੂੰ ਜਿੰਦਾ ਰੱਖਣ ਲਈ ਵਿਰੋਧੀ ਧਿਰ ਦੀ ਭੂਮਿਕਾ ਨਿਭਾਈ ਹੈ ਤਾਂ ਉਹ ਸ੍ ਸੁਖਪਾਲ ਸਿੰਘ ਖਹਿਰਾ ਅਤੇ ਸ੍ ਪਰਗਟ ਸਿੰਘ ਨੇ ਨਿਭਾਈ ਹੈ ਜਾਂ ਅਕਾਲੀ ਦਲ ਵੱਲੋਂ ਬਿਕਰਮ ਮਜੀਠੀਏ ਨੇ ਨਿਭਾਈ ਹੈ

ਇੰਨਾਂ ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦਿਆਂ ਕਾਂਗਰਸ ਪਾਰਟੀ ਦੇ ਵਰਕਰਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕੇਂਦਰੀ ਕਾਂਗਰਸ ਹਾਈਕਮਾਂਡ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਬਦਲਣ ਲਈ ਪੁਰਜ਼ੋਰ ਮੰਗ ਕੀਤੀ ਜਾ ਰਹੀ ਸੀ ਕਿਉਂਕਿ ਮਾਲਵੇ ਅੰਦਰ ਪਹਿਲਾਂ ਕੈਪਟਨ ਸਰਕਾਰ ਵੇਲੇ ਵੀ ਵੱਡੇ ਪੱਧਰ ਤੇ ਟਕਸਾਲੀ ਕਾਂਗਰਸੀ ਵਰਕਰਾਂ ਦੀ ਅਣਦੇਖੀ ਕੀਤੀ ਗਈ ਅਤੇ ਹੁਣ ਰਾਜੇ ਵੜਿੰਗ ਨੇ ਆਪਣੀ ਹਾਉਮੈ ਨੂੰ ਪੱਠੇ ਪਾਉਣ ਲਈ ਖਾਸ ਕਰਕੇ ਮਾਲਵੇ ਦੇ ਜ਼ਿਲ੍ਹਿਆਂ ਵਿੱਚ ਇੱਕ ਇੱਕ ਹਲਕੇ ਅੰਦਰ ਤਿੰਨ ਤਿੰਨ,ਚਾਰ ਚਾਰ ਬੰਦਿਆਂ ਨੂੰ ਥਾਪੀ ਦੇ ਰੱਖੀ ਸੀ ਅਤੇ ਇੱਥੋਂ ਤੱਕ ਕਿ ਆਪਣੇ ਕੁਝ ਜੀ ਹਜ਼ੂਰੀਆਂ ਨੂੰ ਦੂਸਰੇ ਜ਼ਿਲਿਆਂ ਤੋਂ ਲਿਆ ਕੇ ਜ਼ਿਲ੍ਹਾ

ਪ੍ਰਧਾਨ ਬਣਾ ਰੱਖਿਆ ਸੀ ਜਿਸ ਕਰਕੇ ਸਬੰਧਤ ਜ਼ਿਲੇ ਦੇ ਵਰਕਰਾਂ ਦਾ ਮਨੋਬਲ ਖਤਮ ਹੋਣਾ ਸੁਭਾਵਿਕ ਹੀ ਸੀ ਪ੍ਰੰਤੂ ਕੇਂਦਰੀ ਹਾਈਕਮਾਂਡ ਨੇ ਵਰਕਰਾਂ ਦੀ ਮੰਗ ਨੂੰ ਅਣਗੌਲਿਆਂ ਕਰਦੇ ਹੋਏ ਪਹਿਲਾਂ ਭੁਪੇਸ਼ ਬਘੇਲ ਨੂੰ ਪੰਜਾਬ ਦਾ ਇੰਚਾਰਜ ਲਗਾ ਕੇ ਮਿੱਠੀ ਗੋਲੀ ਦਿੱਤੀ ਕਿਉਂਕਿ ਕੇਂਦਰੀ ਕਾਂਗਰਸ ਹਾਈ ਕਮਾਂਡ ਅੰਦਰ ਵੀ ਭਾਜਪਾ ਦੇ ਗੁਪਤ ਸੈਲ ਮੌਜੂਦ ਹਨ ਪ੍ਰੰਤੂ ਵਰਕਰਾਂ ਦਾ ਰੋਹ ਫਿਰ ਵੀ ਸ਼ਾਂਤ ਨਾ ਹੋਇਆ ਅਖੀਰ ਕੇਂਦਰੀ ਕਾਂਗਰਸ ਹਾਈ ਕਮਾਂਡ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਬਦਲਣਾ ਪਿਆ ਅਤੇ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਲਗਾ ਕੇ ਪੰਜਾਬ ਕਾਂਗਰਸ ਦਾ ਪ੍ਰਧਾਨ ਬਦਲਣ ਲਈ ਵੀ ਮਜਬੂਰ ਹੋਣਾ ਪਿਆ ਹੈ

ਹੁਣ ਭਾਵੇਂ ਸ੍ ਪ੍ਰਗਟ ਸਿੰਘ ਜੀ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਉਹ ਇੱਕ ਸਾਫ ਛਵੀ ਵਾਲੇ ਨੇਤਾ ਹਨ ਜਿੰਨ੍ਹਾਂ ਦਾ ਪਿਛੋਕੜ ਖੇਡ ਮੈਦਾਨ ਨਾਲ ਜੁੜਿਆ ਹੋਣ ਕਰਕੇ ਉਹ ਸੰਸਾਰ ਪੱਧਰ ਤੇ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ ਦੂਸਰਾ ਉਹ ਅੱਜ ਦੇ ਨੇਤਾਵਾਂ ਦੀ ਤਰ੍ਹਾਂ ਅਜੇ ਤੱਕ ਭ੍ਰਿਸ਼ਟਾਚਾਰ ਦੇ ਦਾਗਾਂ ਤੋਂ ਮੁਕਤ ਹਨ ਬਾਕੀ ਵੇਖੀਏ ਤਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅੰਦਰ ਚਾਰ ਮਹੀਨੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀ ਨਿਕੰਮੀ ਕਾਰਗੁਜ਼ਾਰੀ ਨੂੰ ਕਾਂਗਰਸ ਪਾਰਟੀ ਜ਼ਮੀਨੀ ਪੱਧਰ ਤੱਕ ਲਿਜਾ ਕੇ ਆਮ ਜਨਤਾ ਵਿੱਚ ਨੰਗਾ ਕਰ ਸਕਦੀ ਸੀ ਪ੍ਰੰਤੂ ਭ੍ਰਿਸ਼ਟ ਨੇਤਾਵਾਂ ਦੇ ਹੱਥਾਂ ਵਿੱਚ ਕਾਂਗਰਸ ਪਾਰਟੀ ਦੀ ਵਾਗਡੋਰ ਹੋਣ ਕਰਕੇ ਕਾਂਗਰਸ ਪਾਰਟੀ ਇਸ ਨਾਕਾਮੀ ਦਾ ਬਣਦਾ ਲਾਹਾ ਲੈਣ ਤੋਂ ਅਸਮਰਥ ਰਹੀ ਹੈ ਅਤੇ ਹੁਣ ਵੀ ਦੇਰ ਆਏ ਦਰੁਸਤ ਆਏ ਅਨੁਸਾਰ ਸ੍ ਪ੍ਰਗਟ ਸਿੰਘ ਜੀ ਨੂੰ ਕਾਂਗਰਸ ਪਾਰਟੀ ਦੀ ਵਾਗਡੋਰ ਦੇਣਾ ਪੰਜਾਬ ਕਾਂਗਰਸ ਲਈ ਇੱਕ ਸ਼ੁਭ ਸ਼ਗਨ ਹੈ ਅਤੇ ਪ੍ਰਗਟ ਸਿੰਘ ਕੋਲ ਸਮਾਂ ਤਾਂ ਭਾਵੇਂ ਥੋੜਾ ਹੀ ਹੈ ਅਤੇ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਲਈ ਚੁਣੌਤੀਆਂ ਬਹੁਤ ਵੱਡੀਆਂ ਹਨ ਪ੍ਰੰਤੂ ਇਸ ਕਾਰਜ ਨੂੰ ਸਰ ਕਰਨ ਲਈ ਵੱਡੇ ਯਤਨਾਂ ਦੀ ਅਤੇ ਪਾਰਟੀ ਦੇ ਸਮੁੱਚੇ ਕੇਡਰ ਦੇ ਸਹਿਯੋਗ ਦੀ ਵੱਡੀ ਲੋੜ ਹੈ

ਭਾਵੇਂ ਸ੍ ਪ੍ਰਗਟ ਸਿੰਘ ਕੋਲ ਵਿੰਗ ਵਲ ਵਾਲੀ ਰਾਜਨੀਤੀ ਨਹੀਂ ਹੈ ਜਿਵੇਂ ਕਿ ਪਾਰਟੀ ਦੇ ਜ਼ਿਆਦਾਤਰ ਪੁਰਾਣੇ ਨੇਤਾਵਾਂ ਕੋਲ ਹੈ ਜਿਸ ਦਿਨ ਪ੍ਰਗਟ ਸਿੰਘ ਜੀ ਦਾ ਚੰਡੀਗੜ੍ਹ ਪ੍ਰਧਾਨਗੀ ਸੰਭਾਲ ਪ੍ਰੋਗਰਾਮ ਸੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਉਸ ਮੌਕੇ ਪਾਰਟੀ ਦੇ ਪੰਜਾਬ ਇੰਚਾਰਜ ਸਚਿਨ ਪਾਇਲਟ ਦਾ ਨਾਮ ਲੈਣਾ ਵੀ ਉੱਚਿਤ ਨਹੀਂ ਸਮਝਿਆ ਇਹ ਵਿੰਗ ਵਲ ਨਹੀਂ ਤਾਂ ਹੋਰ ਕੀ ਹੈ ? ਇਸ ਤੋਂ ਪਹਿਲੇ ਪੰਜਾਬ ਇੰਚਾਰਜ ਭੁਪੇਸ਼ ਬਘੇਲ ਨੂੰ ਤਾਂ ਰਾਜਾ ਵੜਿੰਗ ਗਲੀ ਗਲੀ ਲਈ ਫਿਰਦਾ ਸੀ ਜੇਕਰ ਸਚਿਨ ਪਾਇਲਟ ਨੇ ਕੇਂਦਰੀ ਹਾਈਕਮਾਂਡ ਕੋਲ ਵਰਕਰਾਂ ਦੀ ਅਸਲ ਭਾਵਨਾ ਦੀ ਜਾਣਕਾਰੀ ਦੇ ਦਿੱਤੀ ਤਾਂ ਰਾਜੇ ਵੜਿੰਗ ਲਈ ਸਚਿਨ ਪਾਇਲਟ

‘ਏਕ ਓਅੰਕਾਰ: ਵਨ ਗੌਡ’ ਕਵੀ ਰਾਜ਼ ਦੀ ਫਿਲਮ : ਇੱਕ ਸੱਚੀ ਘਟਨਾ ‘ਤੇ ਅਧਾਰਤ

13 ਨਵੰਬਰ, 2026 ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਰਹੀ ਹੈ



ਹਰਬੰਸ ਬੁੱਟਰ

ਕਵੀ ਰਾਜ਼ ਸਟੂਡੀਓਜ਼ ਨੇ ਫਿਲਮ ਨਿਰਮਾਤਾ ਕਵੀ ਰਾਜ਼ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਫਿਲਮ ‘ਏਕ -ਅੰਕਾਰ: ਵਨ ਗੌਡ’ ਦੀ ਵਿਸ਼ਵ ਪੱਧਰ ‘ਤੇ ਸਿਨੇਮਾਘਰਾਂ ਵਿੱਚ ਰਿਲੀਜ਼ ਦਾ ਐਲਾਨ ਕੀਤਾ ਹੈ। ਇਹ ਫਿਲਮ 13 ਨਵੰਬਰ, 2026 ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਜਾਵੇਗੀ। ਇੱਕ ਸੱਚੀ ਘਟਨਾ ਤੋਂ ਪ੍ਰੇਰਿਤ, ‘ਏਕ ਓਅੰਕਾਰ: ਵਨ ਗੌਡ’ ਨਫ਼ਰਤ ਅਤੇ ਪੱਖਪਾਤ ਦੇ ਭਿਆਨਕ ਨਤੀਜਿਆਂ ਨੂੰ ਉਜਾਗਰ ਕਰਦੀ ਹੈ ਅਤੇ ਨਾਲ ਹੀ ਆਸਥਾ, ਮਨੁੱਖਤਾ, ਹਮਦਰਦੀ ਅਤੇ ਏਕਤਾ ਦੀ ਅਟੁੱਟ ਸ਼ਕਤੀ ਦੀ ਪੜਚੋਲ ਕਰਦੀ ਹੈ। ਇਸ ਦੀ ਕਹਾਣੀ ਇੱਕ ਅਜਿਹੇ ਵਿਅਕਤੀ ਦੁਆਲੇ ਘੁੰਮਦੀ ਹੈ ਜੋ ਗੁੱਸੇ ਵਿੱਚ ਅੰਨ੍ਹਾ ਹੋ ਕੇ ਇੱਕ ਸਿੱਖ ਗੁਰਦੁਆਰੇ ਵਿੱਚ ਦਾਖਲ ਹੁੰਦਾ ਹੈ ਅਤੇ ਮਾਸੂਮ ਸ਼ਰਧਾਲੂਆਂ ਦੀ ਜਾਨ ਲੈ ਲੈਂਦਾ ਹੈ। ਇਸ ਦੁਖਾਂਤ ਤੋਂ ਬਾਅਦ, ਇੱਕ ਭਾਈਚਾਰੇ ਨੂੰ ਡੂੰਘੇ ਸਦਮੇ ਅਤੇ ਦੁੱਖ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਕਿ ਉਹ ਜ਼ਖ਼ਮ ਭਰਨ, ਮੁੜ ਉਸਾਰੀ ਕਰਨ ਅਤੇ ਉਮੀਦ ਲੱਭਣ ਦੀ ਹਿੰਮਤ ਜੁਟਾਉਣ ਦੀ ਕੋਸ਼ਿਸ਼ ਕਰਦੇ ਹਨ। ਹਿੰਸਾ ਬਾਰੇ ਇੱਕ ਕਹਾਣੀ ਤੋਂ ਕਿਤੇ ਵੱਧ, ‘ਏਕ ਓਅੰਕਾਰ: ਵਨ ਗੌਡ’ ਮਨੁੱਖੀ ਪੱਖ ਤੋਂ ਇਸ ਗੱਲ ਦੀ ਡੂੰਘੀ ਪੜਚੋਲ ਕਰਦੀ ਹੈ ਕਿ ਜਦੋਂ ਨਫ਼ਰਤ ਨੂੰ ਵਧਣ ਦਿੱਤਾ ਜਾਂਦਾ ਹੈ ਤਾਂ ਕੀ ਹੋ ਸਕਦਾ ਹੈ—ਅਤੇ ਕਿਵੇਂ ਆਸਥਾ, ਹਮਦਰਦੀ ਅਤੇ ਏਕਤਾ ਲੋਕਾਂ ਨੂੰ ਸਭ ਤੋਂ ਹਨੇਰੇ ਪਲਾਂ ਵਿੱਚੋਂ ਵੀ ਉਭਰਨ ਵਿੱਚ ਮੱਦਦ ਕਰ ਸਕਦੇ ਹਨ।

ਇਸ ਦਾ ਸਿਰਲੇਖ, ‘ਏਕ ਓਅੰਕਾਰ’, ਇੱਕ ਸਰਵ-ਵਿਆਪੀ ਰਚਨਹਾਰ (ਪਰਮਾਤਮਾ) ਵਿੱਚ ਸਿੱਖ ਧਰਮ ਦੇ ਮੂਲ ਵਿਸ਼ਵਾਸ ਅਤੇ ਇਸ ਅਧਿਆਤਮਿਕ ਸਮਝ ਨੂੰ ਦਰਸਾਉਂਦਾ ਹੈ ਕਿ ਸਮੁੱਚੀ ਮਨੁੱਖਤਾ ਆਪਸ ਵਿੱਚ ਜੁੜੀ ਹੋਈ ਹੈ। ਇਸ ਸੰਦੇਸ਼ ਰਾਹੀਂ, ਫਿਲਮ ਦਰਸ਼ਕਾਂ ਨੂੰ ਮਤਭੇਦਾਂ ਤੋਂ ਉੱਪਰ ਉੱਠਣ ਅਤੇ ਹਰੇਕ ਵਿਅਕਤੀ ਵਿੱਚ ਮੌਜੂਦ ਮਾਣ-ਸਨਮਾਨ, ਬਰਾਬਰੀ ਅਤੇ ਮਨੁੱਖਤਾ ਨੂੰ ਪਛਾਣਨ ਲਈ ਉਤਸ਼ਾਹਿਤ ਕਰਦੀ ਹੈ। ਕਵੀ ਰਾਜ਼ ਦੁਆਰਾ ਲਿਖੀ ਅਤੇ ਨਿਰਦੇਸ਼ਿਤ, ‘ਏਕ ਓਅੰਕਾਰ: ਵਨ ਗੌਡ’ ਫਿਲਮ ਨਿਰਮਾਤਾ ਦੀ ਉਸ ਵਚਨਬੱਧਤਾ ਨੂੰ ਅੱਗੇ ਵਧਾਉਂਦੀ ਹੈ ਜਿਸ ਤਹਿਤ ਉਹ ਅਰਥਪੂਰਨ ਕਹਾਣੀਆਂ ਪੇਸ਼ ਕਰਦੇ ਹਨ; ਇਹ ਕਹਾਣੀਆਂ ਅੱਖੀਆਂ ਸਮਾਜਿਕ ਹਕੀਕਤਾਂ ਦਾ ਸਾਹਮਣਾ ਕਰਦੀਆਂ ਹਨ ਅਤੇ ਨਾਲ ਹੀ ਗੱਲਬਾਤ, ਸਮਝ ਅਤੇ ਹਮਦਰਦੀ ਨੂੰ ਉਤਸ਼ਾਹਿਤ ਕਰਦੀਆਂ ਹਨ।

ਫਿਲਮ ਸਬੰਧੀ ਜਾਣਕਾਰੀ ਦਿੰਦੇ ਹੋਏ ਕਵੀਰਾਜ ਨੇ ਕਿਹਾ ਕਿ , “ਨਫ਼ਰਤ ਭਾਵੇਂ ਲੋਕਾਂ ਨੂੰ ਵੰਡ ਦੇਵੇ, ਪਰ ਇੱਕ ਮਨੁੱਖਤਾ ਵਿੱਚ ਵਿਸ਼ਵਾਸ ਸਾਨੂੰ ਇਕੱਠੇ ਕਰਨ ਦੀ ਤਾਕਤ ਰੱਖਦਾ ਹੈ। ਇਹ ਫਿਲਮ ਯਾਦ ਦਿਵਾਉਂਦੀ ਹੈ ਕਿ ਆ ‘ਏਕ ਓਅੰਕਾਰ: ਵਨ ਗੌਡ’ (Ek Onkar: One God) 13 ਨਵੰਬਰ 2026 ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਕੀਤੀ ਜਾਵੇਗੀ।ਇੱਕ ਸੱਚੀ ਘਟਨਾ ‘ਤੇ ਅਧਾਰਿਤ ਕਵੀ ਰਾਜ਼ ਸਟੂਡੀਓਜ਼ ਦੀ ਪੇਸ਼ਕਸ਼ ਵਿੱਚ ਮੁੱਖ ਕਲਾਕਾਰ ਪਰਮਪਾਲ ਸਿੰਘ,ਡੈਰੇਕ ਕੈਸਪਰ,ਜਿਮੀ ਬੇਕਨ,ਜਸਪਾਲ ਅਟਵਾਲ,ਲੈਡੀ ਸਿੱਧੂ,ਡੇਮੀ ਮਾਨ ਅਤੇ ਕਵੀ ਰਾਜ਼ ਨੇ ਖੁਦ ਰੋਲ ਨਿਭਾਇਆ ਹੈ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ
ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
E Mail: Info@twcoverings.com
Web: www.twcoverings.com
Timelesswindowcoverings
TWC
TIMELESS WINDOW COVERINGS

ਸੰਗਠਿਤ ਅਪਰਾਧ ਵਿਰੁੱਧ ਕਾਰਵਾਈ

ਅਲਬਰਟਾ ਗੈਂਗਾਂ, ਫਿਰੌਤੀ ਅਤੇ ਅਪਰਾਧਿਕ ਨੈੱਟਵਰਕਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਿਹਾ ਹੈ—ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਉਹ ਵਿਸ਼ੇਸ਼ ਸਾਧਨ ਅਤੇ ਸਰੋਤ ਮੁਹੱਈਆ ਕਰਵਾਉਣ ਲਈ 8 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਿਹਾ ਹੈ, ਜਿਨ੍ਹਾਂ ਦੀ ਉਨ੍ਹਾਂ ਨੂੰ ਤੁਹਾਡੇ ਪਰਿਵਾਰਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਦੀ ਸੁਰੱਖਿਆ ਲਈ ਲੋੜ ਹੈ।

Alberta

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

ਕਾਲ: 403 953 1000

E Mail: Contact@twcoverings.com
Web: www.twcoverings.com
Timelesswindowcoverings

ਪੰਜਾਬ ਦੀ ਗੋਦੀ

ਪੁਨੀਤ ਕੌਰ ਗਿੱਲ ਕੈਲਗਰੀ
587 732 0081

ਲਓ ਜੀ ਅਕਤੂਬਰ ਆ ਗਿਆ ਹੈ ਤੇ ਹੁਣ ਬਹੁਤ ਸਾਰੇ ਬਜ਼ੁਰਗਾਂ ਨੇ ਜਹਾਜ ਭਰ ਭਰ ਕੇ ਇੰਡੀਆ ਨੂੰ ਚਲੇ ਜਾਣਾ ਹੈ ਹੁਣ ਤੋਂ ਲੈ ਕੇ ਮਾਰਚ ਅਪ੍ਰੈਲ ਤੱਕ ਇੰਡੀਆ ਰੌਣਕਾਂ ਹੀ ਰੌਣਕਾਂ ਰਹਿਣਗੀਆਂ ਕਿਉਂਕਿ ਗਲੀਆਂ, ਵੇਹੜੇ,ਮਹੱਲੇ, ਸ਼ਹਿਰ ਸੜਕਾਂ ਸਭ ਸਾਡੇ ਲੋਕਾਂ ਨੇ ਜਾ ਕੇ ਭਰ ਲੈਣੀਆਂ ਹਨ। ਸਭ ਨੇ ਇੰਡੀਆ ਅਲੱਗ ਅਲੱਗ ਕਾਰਨਾਂ ਕਰਕੇ ਜਾਣਾ ਹੈ। ਕਈ ਮੇਲੇ ਗੇਲੇ ਲਈ ਜਾਂਦੇ ਹਨ ਕਈ ਕਿਸੇ ਮਜਬੂਰੀ ਤਹਿਤ ਅਤੇ ਕਈ ਸ਼ੁਗਲ ਮੇਲੇ ਲਈ।

ਬਜ਼ੁਰਗ ਸਾਡੇ ਇਸ ਕਰਕੇ ਛੇ ਮਹੀਨਿਆਂ ਲਈ ਇੱਥੋਂ ਚਲੇ ਜਾਂਦੇ ਹਨ ਕਿਉਂਕਿ ਸਾਡੇ ਇੱਥੇ ਬਹੁਤ ਜਿਆਦਾ ਠੰਡ ਪੈਂਦੀ ਹੈ ਅਤੇ ਜ਼ਿਆਦਾਤਰ ਬਜ਼ੁਰਗਾਂ ਨੂੰ ਘਰਾਂ ਦੇ ਅੰਦਰ ਹੀ ਬੰਦ ਰਹਿਣਾ ਪੈਂਦਾ ਹੈ। ਬਿਨਾਂ ਲੋੜ ਤੋਂ ਬਾਰੇ ਨਿਕਲਣ ਦਾ ਗੁਰੇਜ਼ ਕੀਤਾ ਜਾਂਦਾ ਹੈ ਕਿਉਂਕਿ ਬਰਫ ਦੀ ਤਿਲਕਣ ਕਰਕੇ ਡਿੱਗਣ ਦਾ ਡਰ ਰਹਿੰਦਾ ਹੈ। ਇਸ ਕਰਕੇ ਬਜ਼ੁਰਗ ਇੰਡੀਆ ਜਾ ਕੇ ਇੱਕ ਪੰਥ ਦੋ ਕਾਜ ਕਰ ਲੈਂਦੇ ਹਨ। ਨਾਲੇ ਤਾਂ ਸ਼ੁਗਲ ਮੇਲਾ ਹੋ ਜਾਂਦਾ ਹੈ ਆਪਣਿਆਂ ਨੂੰ ਮਿਲਿਆ ਜਾਂਦਾ ਹੈ ਅਤੇ ਨਾਲੇ ਉਧਰ ਸੈਰ ਵਗੈਰਾ ਦਾ ਵੀ ਉਹਨਾਂ ਦਾ ਵਧੀਆ ਸਰ ਜਾਂਦਾ ਹੈ।

ਪਰ ਮੇਰੀ ਬਜ਼ੁਰਗਾਂ ਨੂੰ ਇਸ ਵਾਰ ਬੇਨਤੀ ਹੈ ਕਿ ਇਸ ਵਾਰੀ ਕਿਰਪਾ ਕਰਕੇ ਕੱਲਾ ਖੋਇਆ, ਪੰਜੀਰੀ, ਪਿੰਨੀਆਂ, ਚੁੱਲੇ ਦਾ ਸਾਗ ਜਾਂ ਫਿਰ ਘਲਾੜੀਆਂ ਦਾ ਗੁੜ ਖਾ ਕੇ ਹੀ ਨਾ ਮੁੜ ਆਉਣਾ ਬਲਕਿ ਆਪਣੀ ਇਸ ਟਾਈਮ ਨੂੰ ਸਾਰਥਕ ਤਰੀਕੇ ਦੇ ਨਾਲ ਵਰਤਨ ਦੀ ਕੋਸ਼ਿਸ਼ ਵੀ ਕਰਨਾ।

ਜੀ ਹਾਂ ਅੱਜ ਥੋੜੀ ਜਿਹੀ ਕੌੜੀ ਪਰ ਸੱਚੀ ਗੱਲ ਕਹਿਣ ਲੱਗੀ ਹਾਂ।

ਹੁਣ ਸਾਡੀਆਂ ਵੀ ਇੰਨੀਆਂ ਕੁ ਉਮਰਾਂ ਹੋ ਗਈਆਂ ਹਨ ਕਿ ਅਸੀਂ ਵੀ ਜਦੋਂ ਇਕੱਠੇ ਹੋ ਕੇ ਬੈਠਦੇ ਹਾਂ ਤਾਂ ਇਦਾਂ ਦੀਆਂ ਗੱਲਾਂ ਸੁਭਾਵਿਕ ਹੀ ਚੱਲ ਪੈਂਦੀਆਂ ਹਨ..... ਇਹ ਗੱਲ ਹੈ ਕਿ ਇੰਡੀਆ ਪਈ ਜਮੀਨ ਜਾਂ ਘਰ ਦਾ ਕੀ ਕੀਤਾ ਜਾਵੇ।

ਇੱਕ ਦੋ ਕੁੜੀਆਂ ਨੂੰ ਤਾਂ ਇਦਾਂ ਦੀਆਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ ਕਿ ਜਿਨਾਂ ਦੇ ਘਰਾਂ ਦੇ ਵਿੱਚ ਬਜ਼ੁਰਗਾਂ ਦੀ ਮੌਤ ਹੋ ਗਈ ਹੈ ਤੇ ਪਿੱਛੇ ਧੀਆਂ ਪੁੱਤਰਾਂ ਨੂੰ ਹੁਣ ਜਮੀਨ ਦੀ ਤਕਸੀਮ ਵਾਸਤੇ ਖੁਆਰ ਹੋਣਾ ਪੈ ਰਿਹਾ ਹੈ। ਕਈ ਬਜ਼ੁਰਗ ਜਾਣ ਬੁੱਝ ਕੇ ਮਚਲੇ ਬਣੇ ਰਹਿੰਦੇ ਹਨ ਕਿ ਹੋ ਸਕਦਾ ਹੈ ਇਹ ਮੁੱਦੇ ਕਦੇ ਆਪਣੇ ਆਪ ਹੀ ਸੁਲਝ ਜਾਣਗੇ। ਮੈਂ ਵੀ ਉਹਨੂੰ ਬੜੀ ਹੈਰਾਨੀ ਦੇ ਨਾਲ ਪੁੱਛਿਆ ਕਿ ਤੁਹਾਡੇ ਬਜ਼ੁਰਗ ਤਾਂ ਹਰ ਸਾਲ ਇੰਡੀਆ ਜਾਂਦੇ ਸੀ ਤਾਂ ਕੀ ਕਦੇ ਉਹਨਾਂ ਨੇ ਇਸ ਕੰਮ ਬਾਰੇ ਕਦੇ ਸੋਚਿਆ ਨਹੀਂ ? ਉਹ ਕਹਿੰਦੀ ਕਿ ਘਰ ਦੇ ਵਿੱਚ ਕਦੇ ਕੋਈ ਇਹੋ ਜਿਹੀ ਗੱਲ ਹੋਈ ਹੀ ਨਹੀਂ ਸੀ ਤੇ ਸਾਨੂੰ ਲੱਗਦਾ ਸੀਗਾ ਕਿ ਡੈਡੀ ਪੜ੍ਹੇ ਲਿਖੇ ਹਨ ਤੇ ਉਹ ਇਨਾ ਮੁਲਕਾਂ ਦੀਆਂ ਮਜਬੂਰੀਆਂ ਸਮਝਦੇ ਹਨ ਤੇ ਹੋ ਸਕਦਾ ਹੈ ਉਹ ਸਾਰਾ ਕੰਮ ਆਪ ਹੀ ਨਿਬੇੜ ਆਉਣਗੇ ਪਰ ਸਾਨੂੰ ਉਹਨਾਂ ਦੀ ਮੌਤ ਤੋਂ ਬਾਅਦ ਇਸ ਚੀਜ਼ ਦਾ ਬਹੁਤ ਝਟਕਾ ਲੱਗਿਆ ਹੈ ਕਿ ਉਹ ਹਰ ਸਾਲ ਇੰਡੀਆ ਜਾਂਦੇ ਸੀ ਪਰ ਖਾ ਪੀ ਕੇ ਮੁੜ ਆਉਂਦੇ ਸਨ। ਇਧਰ ਚੰਗੀਆਂ ਜਾਬਾਂ ਹੋਣ ਦੇ ਕਾਰਨ ਜਿਆਦਾ ਲੰਬੀ ਛੁੱਟੀ ਨਹੀਂ ਮਿਲ ਸਕਦੀ ਸੀ ਇਸ ਕਰਕੇ ਹਸਬੈਂਡ ਇੱਕ ਮਹੀਨੇ ਦੇ ਵਿੱਚ ਵਿੱਚ ਹੀ ਇੰਡੀਆ ਤੋਂ ਹੱਥ ਖੜੇ ਕਰਕੇ ਵਾਪਸ ਆ ਗਏ ਹਨ। ਹੁਣ ਉੱਥੇ ਉਸ ਜਮੀਨ ਦਾ ਕੀ ਬਣੇਗਾ ਇਹ ਰੱਬ ਹੀ ਜਾਣਦਾ ਹੈ।

ਮੈਂ ਕਿਸੇ ਦੀ ਕੀ ਗੱਲ ਕਰਦੀ ਹਾਂ ਸਾਡੇ ਖੁਦ ਦੇ ਨਾ ਘਰ ਦੀ ਵੰਡ ਹੋਈ ਹੈ ਤੇ ਨਾ ਹੀ ਜ਼ਮੀਨ ਦੀ ਵੰਡ ਹੋਈ ਹੈ ਤੇ ਸਾਡੇ 12-3 ਜਣਿਆਂ ਦੇ ਪਰਿਵਾਰ ਦੇ ਵਿੱਚੋਂ ਕੋਈ ਵੀ ਇਕੱਠਾ ਇੱਕ ਸਮੇਂ ਤੇ ਇੰਡੀਆ ਨਹੀਂ ਜਾਂਦਾ।

ਮੈਂ ਦੱਸ ਦੇਵਾਂ ਕਿ ਜਿਹੜੀਆਂ ਜਮੀਨਾਂ ਜਾਂ ਘਰ ਤੁਹਾਡੇ ਹੁੰਦੇ ਹੋਏ ਜਾਂ ਤੁਹਾਡੇ ਭੈਣ ਭਾਈਆਂ ਦੇ ਹੁੰਦੇ ਹੋਏ ਤਕਸੀਮ ਨਹੀਂ ਹੋ ਸਕੇ ਉਹ ਤੁਹਾਡੇ ਬੱਚਿਆਂ ਦੇ ਰਾਹੀਂ ਤਾਂ ਬਿਲਕੁਲ ਵੀ ਨਹੀਂ ਹੋਣਗੇ।

ਕਈ ਬਜ਼ੁਰਗ ਜਾਣ ਬੁੱਝ ਕੇ ਵੀ ਸਮਾਂ ਰਹਿੰਦੇ ਬੱਚਿਆਂ ਨੂੰ ਕੁਛ ਨਹੀਂ ਦੇਣਾ ਚਾਹੁੰਦੇ। ਹਾਲਾਂਕਿ ਜੱਦੀ ਪੁਸ਼ਤੀ ਜਮੀਨ ਹੁੰਦੀ ਹੈ ਬਣਾਈ ਇਹ ਉਨਾਂ ਨੇ ਵੀ ਨਹੀਂ ਹੁੰਦੀ ਪਰ ਇੱਕ ਹਿੰਡ ਹੁੰਦੀ ਹੈ ਕਿ ਅਸੀਂ ਆਪਣੇ ਜਿਉਂਦੇ ਜੀ ਇਹ ਜਮੀਨ ਨਹੀਂ ਵੇਚਣੀ।

ਯਾਦ ਰੱਖਿਓ ਕਿ ਜਿਹੜੀ ਜਮੀਨ ਨੂੰ ਤੁਹਾਡੇ ਬਜ਼ੁਰਗ ਨਹੀਂ ਵੇਚ ਸਕੇ ਤੇ ਫਿਰ ਤੁਸੀਂ ਵੀ ਇਸੇ ਆਸ ਦੇ ਵਿੱਚ ਨਹੀਂ ਵੇਚੀ , ਉਸ ਜਮੀਨ ਨੂੰ ਤੁਹਾਡੇ ਬੱਚੇ ਵੀ ਵੇਚ ਨਹੀਂ ਸਕਣਗੇ ਤੇ ਇਹ ਤਾਂ ਭੁੱਲ ਹੀ ਜਾਓ ਕਿ ਤੁਹਾਡੇ ਪੋਤੇ ਪੋਤੀਆਂ ਜਾਂ ਦੋਹਤੇ ਕਦੇ ਪੰਜਾਬ ਸਿਰਫ ਇਸ ਜਮੀਨ ਦੇ ਟੁਕੜੇ ਕਰਕੇ ਆਉਣਗੇ।

ਜਿਹੜੇ ਬਜ਼ੁਰਗਾਂ ਨੂੰ ਲੱਗਦਾ ਹੈ ਕਿ ਹਾਂ ਬੱਚੇ ਇੰਡੀਆ ਜਾਣਗੇ ਜਾਂ ਸਾਡਾ ਕੋਈ ਚੰਗਾ ਰਿਸ਼ਤੇਦਾਰ ਜਾਂ ਜਾਣ ਪਹਿਚਾਣ ਵਾਲਾ ਹੈ ਜੋ ਇਹ ਕੰਮ ਕਰਾ ਦੇਵੇਗਾ ਉਹਨਾਂ ਬਾਰੇ ਮੈਂ ਕੁਝ ਨਹੀਂ ਕਹਿ ਸਕਦੀ ਪਰ ਜਿਹੜੇ ਬਜ਼ੁਰਗਾਂ ਨੂੰ ਸਾਫ ਸਾਫ ਇਹ ਚੀਜ਼ ਦਿਖ ਰਹੀ ਹੈ ਕਿ ਉੱਥੇ ਸਾਂਭਣ ਵਾਲਾ ਵੀ ਕੋਈ ਨਹੀਂ ਹੈ ਤੇ ਇਧਰੋਂ ਬੱਚੇ ਜਾਣ ਵਾਲੇ ਵੀ ਨਹੀਂ ਹਨ ਤਾਂ ਮੈਨੂੰ ਨਹੀਂ ਸਮਝ ਆ ਰਹੀ ਕਿ ਉਹ ਕਿਸ ਚਮਤਕਾਰ ਦੀ ਆਸ ਰੱਖ ਰਹੇ ਹਨ।

ਕਿਰਪਾ ਕਰਕੇ ਆਪਣੇ ਬੱਚਿਆਂ ਨੂੰ ਜੇ ਦੋ ਛਿੱਲੜ ਅੱਜ ਦੀ ਘੜੀ ਦੇਣੇ ਹਨ ਤਾਂ ਦੇ ਦਿਓ ਕਿਉਂਕਿ ਅੱਜ ਉਹ ਦਿਨ ਰਾਤ ਇੱਕ ਕਰਕੇ ਇੱਥੇ ਆਪਣਾ ਖਰਚਾ ਚਲਾ ਰਹੇ ਹਨ ਤੇ ਤੁਹਾਡੀ ਲੱਖਾਂ ਕਰੋੜਾਂ ਦੀ ਜਮੀਨ ਜਾਂ ਘਰ ਉਹਨਾਂ ਦੇ ਕਿਸੇ ਕੰਮ ਨਹੀਂ ਹੈ ਤੇ ਕਦੇ ਆਏਗਾ ਵੀ ਨਹੀਂ।

ਮੈਨੂੰ ਪਤਾ ਹੈ ਕਿ ਇਸ ਲੇਖ ਦੇ ਰਾਹੀਂ ਮੈਨੂੰ ਕੁਝ ਵੀ ਹਾਂ ਪੱਖੀ ਜਵਾਬ ਨਹੀਂ ਆਏਗਾ..... ਮੈਨੂੰ ਬਹੁਤ ਨਕਾਰਾਤਮਕ ਕਮੈਂਟ ਵੀ ਝੱਲਣੇ ਪੈ ਸਕਦੇ ਹਨ। ਕਈਆਂ ਦੀਆਂ ਭਾਵਨਾਵਾਂ ਵੀ ਠੇਸ ਹੋਣਗੀਆਂ ਕਿ ਇੰਡੀਆ ਦੀ ਜਮੀਨ ਕਿਉਂ ਵੇਚਣੀ ਹੈ ਜਾਂ ਘਰ ਕਿਉਂ ਵੇਚਣਾ ਹੈ ਪਰ ਜੇ ਪ੍ਰੈਕਟੀਕਲ ਹੋ ਕੇ ਦੇਖੀਏ ਤਾਂ ਸੱਚਾਈ ਇਹੀ ਹੈ ਕਿ ਜਦ ਅਸੀਂ ਉਥੇ ਵਾਪਸ ਨਹੀਂ ਮੁੜਨਾ ਤਾਂ ਹੋਰ ਕੀਤਾ ਵੀ ਕੀ ਜਾ ਸਕਦਾ ਹੈ।

ਕਈ ਬਜ਼ੁਰਗ ਆਪਣੀ ਔਲਾਦ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ ਉਹ ਚਾਹੁੰਦੇ ਹਨ ਕਿ ਜਦੋਂ ਕਦੇ ਸਤਯੁਗ ਆਵੇਗਾ ਬੱਚੇ ਉਹਨਾਂ ਦੇ ਪੈਰੀ ਪੈਣਗੇ ਤੇ ਫਿਰ ਕਿਤੇ ਉਹ ਬੱਚਿਆਂ ਨੂੰ ਘਰ ਦੇ ਵਿੱਚੋਂ ਕੋਈ ਹਿੱਸਾ ਦੇਣਗੇ ਤਾਂ ਕਿ ਬੱਚੇ ਖੁਸ਼ੀ ਦੇ ਨਾਲ ਉਹਨਾਂ ਨੂੰ ਗੱਲ ਦੇ ਨਾਲ ਲਾ ਲੈਣ.....

ਤੁਸੀਂ ਜਿੰਨਾ ਮਰਜ਼ੀ ਕਿਸੇ ਖੁਸ਼ਫਹਿਮੀ ਦੇ ਵਿੱਚ ਰਹਿ ਸਕਦੇ ਹੋ ਤੁਹਾਡੀ ਆਪੋ ਆਪਣੀ ਕਲਪਨਾ ਹੈ ਤੁਸੀਂ ਚੰਗੀਆਂ ਮਾੜੀਆਂ ਚੀਜ਼ਾਂ ਜੋ ਵੀ ਸੋਚ ਸਕਦੇ ਹੋ..... ਪਰ ਮੈਂ ਇਹੀ ਕਹਿਣਾ ਚਾਹਾਂਗੀ ਕਿ ਭਾਵੇਂ ਤੁਸੀਂ ਇੰਡੀਆ ਦੇ ਵਿੱਚ ਇਹ ਜਮੀਨ ਜਾਂ ਘਰ ਕਿਸੇ ਨੂੰ ਦਾਨ ਵੀ ਕਰਨਾ ਹੈ ਤਾਂ ਵੀ ਆਪਣੇ ਹੱਥਾਂ ਦੇ ਨਾਲ ਕਰ ਜਾਵੋ ਕਿਉਂਕਿ ਹੁਣ ਇਹ ਗੱਲਾਂ ਤੁਹਾਡੇ ਬੱਚਿਆਂ ਦੇ ਵੱਸ ਦੀਆਂ ਨਹੀਂ ਰਹੀਆਂ। ਦੋਵਾਂ ਦੇਸ਼ਾਂ ਦੇ ਕਾਨੂੰਨ ਲਗਾਤਾਰ ਬਦਲ ਰਹੇ ਹਨ। ਅਤੇ ਇਹਨਾਂ ਮੁਲਕਾਂ ਦੇ ਵਿੱਚ ਕੋਈ ਜਿੰਨਾ ਜਿਆਦੇ ਉੱਚ ਪੱਧਰਾ ਕੰਮ ਕਰਦਾ ਹੈ ਉਨੀ ਜਿਆਦੇ ਛੁੱਟੀ ਵੀ ਘੱਟ ਮਿਲਣ ਦੀ ਆਸ ਹੋ ਜਾਂਦੀ ਹੈ ਅਤੇ ਮੁੱਕਦੀ ਗੱਲ ਕਰਾਂ ਜਦੋਂ ਅਗਾਂਹ ਕਿਸੇ ਚੰਗੀ ਚੀਜ਼ ਦੀ ਆਸ ਨਾ ਹੋਵੇ ਤਾਂ ਜਾਣ ਨੂੰ ਜੀ ਵੀ ਨਹੀਂ ਕਰਦਾ।

ਅਸੀਂ ਅਕਸਰ ਹਾਸੇ ਖੇਡੇ ਵਾਲੀਆਂ ਜਾਂ ਬਹੁਤ ਹਲਕੀਆਂ ਫੁਲਕੀਆਂ ਲਿਖਤਾਂ ਲਿਖਦੇ ਰਹਿੰਦੇ ਹਾਂ ਪਰ ਮੈਨੂੰ ਲੱਗਦਾ ਹੈ ਕਿ ਸਾਨੂੰ ਇਹਨਾਂ ਚੀਜ਼ਾਂ ਦੇ ਉੱਪਰ ਵਿਚਾਰ ਕਰਨ ਦੀ ਲੋੜ ਹੈ ਕਿ ਕਿਉਂ ਬਜ਼ੁਰਗ ਆਪਣੇ ਬੱਚਿਆਂ ਦੀ ਅੱਖ ਨੂੰ ਨਹੀਂ ਸਮਝ ਰਹੇ। ਹਾਂ ਜਮੀਨ ਤੁਹਾਡੀ ਮਾਂ ਹੈ ਤੇ ਤੁਸੀਂ ਆਪਣੀ ਮਾਂ ਨੂੰ ਆਪਣੇ ਜਿਉਂਦੇ ਜੀ ਵੇਚਣਾ ਨਹੀਂ ਚਾਹੁੰਦੇ..... ਪਰ ਉਸ ਤੋਂ ਜਿਆਦਾ ਕੌੜੀ ਗੱਲ ਦੱਸਾਂ ਤਾਂ ਤੁਹਾਡੇ ਜਾਣ ਤੋਂ ਬਾਅਦ ਉਸ ਜਮੀਨ ਤੇ ਹੱਕ ਜਾਂ ਕਬਜ਼ਾ ਕਿਸ ਨੇ ਕਰ ਲੈਣਾ ਹੈ ਇਹ ਵੀ ਤੁਹਾਨੂੰ ਨਹੀਂ ਪਤਾ।

ਕਿਰਪਾ ਕਰਕੇ ਆਪਣੇ ਬੱਚਿਆਂ ਨੂੰ ਕਚਹਿਰੀਆਂ ਦੇ ਵਿੱਚ ਰੁਲਣ ਤੋਂ ਬਚਾਓ।

ਝੋਟਾ

ਗੁਰਦੀਪ ਸਿੰਘ

ਬਾਪੂ ਭੀਮ ਸਿੰਘ ਨੇ ਸ਼ਹੀਦ ਹੋਣ ਦੇ ਮਾਇਨੇ ਸਮਝ ਲਏ ਹਨ। ਉਹ ਏਨਾ ਸਹਿਜ ਹੋ ਗਿਐ। ਉਸ ਜਾਣ

ਗਿਐ ਕਿ ਸ਼ਹੀਦ ਨੇ ਸਦਾ ਜਿਉਂਦਾ ਰਹਿਣਾ ਹੁੰਦੈ। ਸ਼ਹੀਦ ਦੀ ਦੇਹ ਲਾਸ਼ ਨਹੀਂ ਬਣਦੀ। ਉਸਦੀ ਗੱਲ ਵਿਚ ਜਿਹੜੀ ਨਿਰ ਅੱਖਰੇ ਪੰਜਾਬ ਦੀ ਦ੍ਰਿਸ਼ਟੀ ਐ ਉਸ ਵਿਚ ਕਿਤੇ ਵੀ ਰੁਦਨ ਨਹੀਂ। ਸ਼ਹੀਦ ਨੂੰ ਯਾਦ ਕਰਨ ਵਾਲਿਆਂ ਦਾ ਰੋਣ, ਚਾਅ ਵਿਚ ਬਦਲ ਜਾਂਦੈ। ਉਸਨੂੰ ਇਕਹਿਰੀ ਕਥਾ ਵਿਚ ਬੰਨਿਆਂ ਨਹੀਂ ਜਾ ਸਕਦਾ। ਉਸਦੇ ਅੰਦਰ ਦੇ ਹਾਣ ਦਾ ਹੋਣ ਲਈ ਨਾਲ ਵਾਲਿਆਂ ਅਤੇ ਸਿਰਜਕਾਂ ਨੂੰ ਵੱਡਾ ਹੋਣਾ ਪੈਣੈ। ਬਾਪੂ ਨੂੰ ਸਮਝਦਿਆਂ ਸਮਝ ਪੈਂਦੈ ਕਿ ਮਹਾਨ ਸਾਹਿਤ ਇਸ ਰਹਿਤਲ ਵਿਚੋਂ ਹੀ ਜਨਮਦੈ। ਸਿਰਜਕ ਉਸਦੀਆਂ ਗੱਲਾਂ ਨੂੰ ਜਿਉਂ ਦਾ ਤਿਉਂ ਲਿਖ ਦੇਣ ਉਹ ਆਪਣੇ ਆਪ ਵਿਚ ਪੂਰਨ ਕਥਾਵਾਂ ਹਨ। ਕਥਾਕਾਰਾਂ/ਸਿਰਜਕਾਂ ਨੂੰ ਵੇਟਾਂ ਛੱਡ ਕੇ ਇਸ ਥਾਂ ਤੇ ਆਉਣਾ ਪੈਣੈ, ਜਿੱਥੇ ਪੰਜਾਬ ਦਾ ਪਾਤਰ ਜਿਉਂਦਾ ਜਾਗਦਾ ਬੈਠੈ। ਬਾਪੂ ਅੰਦਰ ਝਾਕਦਿਆਂ ਪਰਮਿੰਦਰ ਸਿੰਘ ਦੇ ਦਲੇਰ ਹੋਣ ਦੀ ਸਮਝ ਪੈਂਦੀ ਐ। ਉਸਦੀ ਸਿਆਣਪ ਦੀ ਸਮਝ ਪੈਂਦੀ ਐ। ਸਾਡੀ ਸਿਰਜਣਾ ਦਾ ਇਤਿਹਾਸ ਸਮਝ ਪੈ ਜਾਂਦੈ ਕਿ ਅਸੀਂ ਕਿੱਥੇ ਕੁ ਹਾਂ। ਕੁਲਵੰਤ ਸਿੰਘ ਵਿਰਕ ਦੀ ਇਕੋ ਇਕ ਕਹਾਣੀ ਧਰਤੀ ਹੇਠਲਾ ਬੌਲਦ ਤੋਂ ਬਿਨਾਂ ਪਿਛਲਿਆਂ ਚਾਲੀ ਪੰਤਾਲੀ ਵਰ੍ਹਿਆਂ ਵਿਚ ਸਾਡੇ ਕੋਲ ਕੋਈ ਕਹਾਣੀ ਨਹੀਂ, ਜਿਹੜੀ ਅਜਿਹੀ ਸਥਿਤੀ ਨੂੰ ਬਿਆਨਦੀ ਹੋਵੇ। ਸ਼ਾਇਦ ਗੁਰਬਚਨ ਭੁੱਲਰ ਦੀ ਕਹਾਣੀ ਐ ਜਿਸਦਾ ਪਾਤਰ ਹੋਰਾਂ ਨੂੰ ਭਾਣਾ ਮੰਨਣ ਲਈ ਪ੍ਰੇਰਦੈ ਪਰ ਪਰ ਪੁੱਤ ਦੀ ਮੌਤ ਤੇ ਭਾਣਾ ਨਹੀਂ ਮੰਨ ਸਕਦਾ। ਇਹ ਤਾਂ ਭਾਣਾ ਮੰਨ ਕੇ ਅੱਗੋਂ ਰਾਹ ਬਣਾਉਣ ਵਰਗੀ ਗੱਲ ਐ।ਬਾਪੂ ਭੀਮ ਸਿੰਘ ਮੂਰ੍ਹੇ ਧਰਤੀ ਹੇਠਲਾ ਬੌਲਦ ਕਹਾਣੀ ਦਾ ਪਾਤਰ ਵੀ ਛੋਟਾ ਲੱਗਦੈ। ਉਹ ਸਿਰਫ ਭਾਰ ਚੁੱਕਦੈ, ਬਾਪੂ ਭੀਮ ਸਿੰਘ ਭਾਰ ਚੁੱਕ ਕੇ ਰਾਹ ਵੀ ਵਿਖਾ ਰਿਹੈ। ਜਿੱਥੇ ਉਹ ਲੋਭ ਲਾਲਚ ਤੋਂ ਪਾਰ ਐ, ਜਿੱਥੇ ਉਹ ਨਿੱਜ ਦੀ ਥਾਵੇਂ ਪੰਜਾਬ ਦਾ ਭਲਾ ਸੋਚ ਰਿਹੈ। ਜਿੱਥੇ ਉਸ ਲਈ ਦੁਸ਼ਮਣ ਅਨਿਆਂ ਹੈ।

ਦਰਦਮੰਦਾਂ ਦਾ ਦਰਦੀ : ਪਰਮਪਾਲ ਮਸੌਣ

ਵਿਦੇਸ਼ ਵਿੱਚ ਬੱਚਿਆਂ ਦਾ ਰਾਹ ਦਸੇਰਾ : ਪਰਮਪਾਲ ਮਸੌਣ



ਬਿਕਰਮਜੀਤ ਨੂਰ
ਮੋਬਾਈਲ :9464076257

ਇੱਕ ਕਹਾਵਤ ਹੈ, ' ਜੋ ਸੁੱਖ ਛੱਜੂ ਦੇ ਚੌਬਾਰੇ, ਨਾ ਉਹ ਬਲਖ ਨਾ ਬੁਖਾਰੇ।' ਪਰ ਫੇਰ ਵੀ ਹਰ ਨਿੱਕੇ-ਵੱਡੇ ਨੂੰ ਬਲਖ- ਬਖਾਰੇ ਮਤਲਬ ਪਰਵਾਸ-ਗਮਨ ਦੀ 'ਲ੍ਹੱਲਕ' ਲੱਗੀ ਹੀ ਰਹਿੰਦੀ ਹੈ। ਬੇਸ਼ੱਕ ਕਿੰਨੀਆਂ ਹੀ ਮੁਸ਼ਕਲਾਂ ਕਿਉਂ ਨਾ ਦਰਪੇਸ਼ ਹੋ ਜਾਣ! 'ਸਵਰਗ ਦੀ ਧਰਤੀ' ਕੈਨੇਡਾ ਨੂੰ ਤਾਂ ਸਾਡੇ ਲੋਕਾਂ ਨੇ 'ਦੂਜਾ ਪੰਜਾਬ' ਬਣਾ ਕੇ ਰੱਖ ਦਿੱਤਾ ਹੈ। ਪਰ ਇਹਨਾਂ ਨਵ-ਪਰਵਾਸੀਆਂ; ਖ਼ਾਸਕਰ ਲੜਕੀਆਂ ਦੀਆਂ ਮੁਸ਼ਕਲਾਂ ਦਾ ਤਾਂ ਕੋਈ ਅੰਤ ਹੀ ਨਹੀ।ਇਹ ਮੁੰਡੇ-ਕੁੜੀਆਂ ਚੁੱਪ - ਚੁਪੀਤੇ ਕਸ਼ਟ ਤਾਂ ਸਹਿਣ ਕਰਦੇ ਰਹਿੰਦੇ ਹਨ, ਪਰ ਪਿੱਛੇ ਮਾਪਿਆਂ ਨੂੰ ਕੋਈ ਸੂਚਨਾ ਨਹੀਂ ਦਿੰਦੇ। ਇਹਨਾਂ ਦੇ ਪਰਿਵਾਰ ਤਾਂ ਪਹਿਲਾਂ ਹੀ 'ਡਾਲਰਾਂ' ਦੀ ਆਸ ਜਾਂ ਝਾਕ ਵਿੱਚ ਘਰ ਖਾਲੀ ਕਰ ਚੁੱਕੇ ਹੁੰਦੇ ਹਨ। ਇਹ ਲਾਵਾਰਿਸ ਜਿਹੇ ਬੱਚੇ- ਨਾ ਇੱਧਰ ਦੇ; ਨਾ ਉੱਧਰ ਦੇ!

'ਨਾ ਖੁਦਾ ਹੀ ਮਿਲਾ, ਨਾ ਵਸਾਲ- ਇ-ਸਨਮ,
ਨਾ ਇੱਧਰ ਕੇ ਰਹੇ, ਨਾ ਉੱਧਰ ਕੇ ਰਹੇ।'

ਪਰ ਇਸ ਅਣਕਹੇ ਦਰਦ ਨੂੰ ਸੁਣਨ - ਸਮਝਣ ਵਾਲਾ ਵੀ ਕੋਈ ਆ ਨਿੱਤਰਦਾ ਹੈ। 'ਦਰਦਮੰਦਾਂ ਦਾ ਦਰਦੀ' -ਪਰਮਪਾਲ ਸਿੰਘ ਮਸੌਣ ਇਹਨਾਂ ਵਿੱਚੋਂ ਇੱਕ ਹੈ। ਉਹ ਕੈਨੇਡਾ ਦਾ ਨਾਗਰਿਕ ਹੈ ਅਤੇ 'ਰਾਣੀ ਸ਼ਹਿਰ 'ਗੀਜਾਈਨਾ (ਸਸਕੈਚਵਿਨ) ਵਿਖੇ ਰਹਿ ਰਿਹਾ ਹੈ। ਮਿੱਠ ਬੋਲੜਾ ਤੇ ਮਿਲਣਸਾਰ ਹੈ। ਸੈਂਕੜੇ ਪੀੜਿਤ ਅਥਵਾ ਸ਼ੋਸ਼ਿਤ ਨੌਜਵਾਨ

ਪਰਮਪਾਲ ਮਸੌਣ

'ਪਰਦੇਸਣਾਂ' (ਕੁੜੀਆਂ) ਦਾ ਉਹ ਰਾਹ-ਦਸੇਰਾ ਹੀ ਨਹੀਂ ਬਣਿਆ ਬਲਕਿ ਉਹਨਾਂ ਨੂੰ ਚੰਗੀਆਂ ਥਾਂਵਾਂ 'ਤੇ ਰੋਜ਼ਗਾਰ ਦਿਵਾਉਣ ਵਿੱਚ ਵੀ ਇਮਾਨਦਾਰੀ ਨਾਲ ਮੱਦਦਗਾਰ ਸਾਬਤ ਹੋਇਆ ਹੈ। ਉਸ ਨੂੰ ਇੱਕ 'ਨਿਸ਼ਕਾਮ' ਸਮਾਜ ਸੇਵਕ ਦੀ ਸੰਗਿਆ ਸਹਿਜੇ ਹੀ ਦਿੱਤੀ ਜਾ ਸਕਦੀ ਹੈ। 'ਭੈਣੇ' ਸ਼ਬਦ ਤਾਂ ਜਿਵੇਂ ਉਸ ਦਾ ਤਕੀਆ-ਕਲਾਮ ਹੀ ਬਣ ਗਿਆ ਹੋਵੇ!

ਪਰਮਪਾਲ ਮਸੌਣ ਸੁਹਿਰਦ ਇਨਸਾਨ ਨੂੰ ਇੱਕੋ ਗੱਲ ਕਹਿੰਦਾ ਹੁੰਦਾ ਹਾਂ, 'ਤੁਸੀਂ ਬੱਸ, ਆਪਣਾ ਕੰਮ ਕਰੀ ਚੱਲੋ - People say, let them say. 'ਉਹ ਗਹਿਰੀ ਸਾਹਿਤਕ ਸੂਝ ਦਾ ਵੀ ਮਾਲਿਕ ਹੈ। ਮੈਂ ਸੋਚਦਾ ਹਾਂ- ਅਜਿਹੀ ਖਿੱਚ-ਭਰਪੂਰ ਸ਼ਖਸੀਅਤ ਨੂੰ ਜ਼ਰੂਰ ਹੀ 'ਮਾਨਤਾ' ਮਿਲਣੀ ਚਾਹੀਦੀ ਹੈ।

ਵਿਰੋਧ ਦੇ ਬਾਵਜੂਦ ਪਰਮਪਾਲ ਮਸੌਣ ਨੇ ਆਪਣੀ ਕਦਮ- ਤਾਅਲ ਮੱਠੀ ਨਹੀਂ ਕੀਤੀ। ਉਸ 'ਤੇ ਅਮੀਰ ਮੀਨਾਰੀ ਦਾ ਇਹ ਸ਼ਿਅਰ ਪੂਰੀ ਤਰ੍ਹਾਂ ਢੁੱਕਦਾ ਹੈ

ਕਾਂਟਾ ਲਗੇ ਕਿਸੀ ਕੋ ਤੋ ਤੜਪਤੇ ਹੈਂ ਹਮ
'ਅਮੀਰ',
ਸਾਰੇ ਜਹਾਂ ਕਾ ਦਰਦ ਹਮਾਰੇ ਦਿਲ ਮੇਂ ਹੈ।

ਉਹ ਸੂਰਜ ਦੀ ਲਾਲੀ ਵਾਂਗ, ਸੁਬਾਹ - ਸ਼ਾਮ ਇਕੋ ਜਿਹਾ ਹੀ ਰਹਿੰਦਾ ਹੈ ।

ਇਸ ਦੇ ਬਾਵਜੂਦ ਉਸ ਦੇ ' ਸੰਤੁਲਨ' 'ਤੇ ਲੋਕ 'ਅਸਹਿਣਸ਼ੀਲ' ਰਹਿੰਦੇ ਹਨ। ਉਹ ਕੁੱਝ ਇਸ ਤਰ੍ਹਾਂ ਕਹਿੰਦਾ ਹੈ :-

ਰੱਜ ਕੇ ਇੱਜ਼ਤ-ਮਾਣ ਹੈ ਮਿਲਿਆ,
ਪਿੱਠ ਪਿੱਛੇ ਬਦਨਾਮੀ ਵੀ!
ਹਿੱਸੇ ਸਾਡੇ ਫਤਹਿ ਹੈ ਆਈ,
ਪਰ ਕੁੱਝ ਕੁੱਝ ਨਾਕਾਮੀ ਵੀ!

ਮਸੌਣ ਇਸ ਗੱਲੋਂ ਚੇਤੰਨ ਹੈ ਕਿ 'ਜੇਕਰ ਵਿਰੋਧ ਨਾ ਹੋਵੇ ਤਾਂ ਆਖਿਰ, ਵਿਕਾਸ ਕਿੰਜ ਹੋਵੇਗਾ?

ਰੰਗ ਲਾਤੀ ਹੈ ਹਿਨਾ,
ਪੱਥਰ ਪੇ ਪਿਸ ਜਾਨੇ ਕੇ ਬਾਅਦ।

ਇਸੇ ਲਈ ਤਾਂ ਪਰਮਪਾਲ ਮਸੌਣ ਨੇ ਆਪਣਾ ਸਾਕਾਰਾਤਮਕ ਸਫਰ ਜਾਰੀ ਰੱਖਿਆ ਹੋਇਆ ਹੈ।ਉਹ ਤਾਂ 'ਵਸਲ' ਤੋਂ ਉਰੇ 'ਮੁਕਾਮ' ਦੀ ਕਲਪਨਾ ਹੀ ਨਹੀਂ ਕਰ ਸਕਦਾ।

ਦੁਨੀਆਂ ਵਿੱਚ ਸਭ ਤੋਂ ਵੱਧ ਸਪੀਡ ਦੁਆਵਾਂ ਜਾਂ ਬਦਦੁਵਾਵਾਂ ਦੀ ਹੁੰਦੀ ਹੈ

ਪਿਆਰਾ ਸਿੰਘ ਗੁਰਨੇ ਕਲਾਂ

ਕੱਲ ਲੋਕ ਵੀ ਨਾਲ ਸੀ, ਸਲਾਮਾਂ ਵੀ ਹੁੰਦੀਆਂ ਸੀ, ਸਰਕਾਰ ਬਣਨ ਦੇ 100% ਚਾਂਸ ਸੀ। ਇੱਕ ਹਨੇਰੀ ਵਗੀ, ਸਭ ਰੋੜ ਕੇ ਲੈ ਗਈ। ਇੱਕ ਗੱਲ ਯਾਦ ਰੱਖੋ ਕਿ ਲੋਕਤੰਤਰ ਵਿੱਚ ਲੋਕ ਵੱਡੇ ਹਨ। ਜਦੋਂ ਸਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਰੱਬ ਨੂੰ ਟੱਪ ਸਮਝਿਆ ਜਾਂਦਾ ਅਤੇ ਲੋਕਾਂ ਨੂੰ ਕੀੜੀਆਂ ਤਾਂ ਨਸ਼ਾ ਮੁੱਦਾ ਬਣਦਾ ਅਤੇ ਅਰਸ਼ ਤੋਂ ਫਰਸ਼ ਦਾ ਸਫਰ ਤੈਅ ਹੁੰਦਾ। ਮਨ ਵਿੱਚ ਉਤਰਨ ਅਤੇ ਮਨ ਤੋਂ ਉਤਰਨ ਲਈ ਦੋ-ਚਾਰ ਮਿੰਟ ਲੱਗੇ। ਸੱਤਾ ਪਚਾਉਣੀ ਬਹੁਤ ਔਖੀ ਹੈ। ਇੱਕ ਪਾਰਟੀ ਦੀ ਬਲੀ ਪਹਿਲਾਂ ਚਿੱਟਾ ਲੈ ਗਿਆ, ਦੂਜੀ ਪਾਰਟੀ ਦੀ ਬਲੀ ਨਸ਼ੇ ਦੇ ਖਾਤਮੇ ਲਈ ਗੁਟਕਾ ਸਾਹਿਬ ਦੀ ਕਸਮ ਲੈ ਗਈ। ਕੀ ਇਹ ਦੋ ਸਬਕ ਛੋਟੇ ਸਨ ? ਇਹ ਕਹੀ ਜਾਣਾ ਕਿ ਬਾਰਡਰ ਸਟੇਟ ਹੈ ? ਮੰਨ ਲੈਦੇ ਹਾਂ ਕਿ ਨਸ਼ਾ ਬਾਰਡਰ ਟੱਪਦਾ ਹੈ ਪਰ ਮਸਲਾ ਨਸ਼ੇ ਦੇ ਖਿੰਡਾਅ ਦਾ ਹੈ, ਨਸ਼ੇ ਦੇ ਘਰ ਘਰ ਪਹੁੰਚਣ ਦਾ ਹੈ। ਯੁੱਧ ਜਾਂ ਜੰਗ ਇੱਕ ਪਾਸਾ ਕਰਦੇ ਹਨ ਪਰ ਯੁੱਧ ਦਾ ਪੋਸਟਰਾਂ ਤੇ ਫਲੈਕਸਾਂ ਤੱਕ ਸਿਮਟ ਜਾਣਾ ਯੁੱਧ ਨੂੰ ਕਿਸੇ ਪਾਸੇ ਨਹੀਂ ਲਾਉਂਦਾ। ਵੱਡੀਆਂ ਉਮੀਦਾਂ ਦਾ ਟੁੱਟ ਜਾਣਾ ਬਦ ਦੁਆਵਾਂ ਨੂੰ ਜਨਮ ਦਿੰਦਾ ਹੈ। ਸਭ ਤੋਂ ਪਹਿਲਾਂ ਸੈਕਟਰੀਏਟ ਵਿੱਚ ਦੁਆਵਾਂ ਬਦਦੁਵਾਵਾਂ ਵਿੱਚ ਬਦਲੀਆਂ। ਹਾਰ ਕੰਡੇ ਬਣ ਗਏ। ਫਿਰ ਸਾਰੇ ਪੰਜਾਬ ਦੇ ਮੁਲਾਜ਼ਮ ਬਦਦੁਵਾਵਾਂ ਦੇ ਰਾਹ ਤੁਰ ਪਏ। ਬਦਦੁਆ ਵੋਟ ਨਾਲੋਂ ਵੱਧ ਖਤਰਨਾਕ ਹੁੰਦੀ ਹੈ। ਇਹਨਾਂ ਬਦਦੁਵਾਵਾਂ ਨੇ ਅਸਰ ਤਾਂ ਕਰਨਾ ਹੀ ਸੀ। ਸਭ ਤੋਂ ਵੱਡੀ ਬਦਦੁਆ ਨਸ਼ੇ ਨਾਲ ਮਰ ਰਹੇ ਪੁੱਤਾਂ ਦੀਆਂ ਮਾਵਾਂ ਦੇ ਦਿਲ ਚੋਂ ਨਿਕਲੀ। ਇਸ ਬਦਦੁਆ ਨੇ ਤਾਂ ਇੱਕ ਪਾਸਾ ਕਰਨਾ ਹੀ ਸੀ। ਪਰਮਿੰਦਰ ਝੋਟਾ ਇਸ ਬਦਦੁਆ ਵਿੱਚ ਆਪਣਾ ਬਲੀਦਾਨ ਦੇ ਕੇ ਮੀਲ ਪੱਥਰ ਸਾਬਤ ਹੋਇਆ। ਫਲੈਕਸਾਂ ਵਿੱਚ ਹੁੰਦਾ ਵਿਕਾਸ ਲੋਕਾਂ ਨੇ ਲੀਰੋ ਲੀਰ ਕਰ ਦਿੱਤਾ। ਫਲੈਕਸਾਂ ਵਿੱਚ ਇੱਕ ਹੱਥ ਬਚਿਆ। ਜਿਸ ਨੂੰ ਦੇਖ ਕੇ ਕਿਹਾ ਜਾ ਰਿਹਾ ਕਿ ਡੁੱਬਦੇ ਨੂੰ ਤਿਣਕੇ ਦਾ ਸਹਾਰਾ। ਇਹ ਤਿਣਕਾ ਪਰਮਿੰਦਰ ਝੋਟੇ ਨੂੰ ਪੂਰਨ ਇਨਸਾਫ ਹੈ। ਧਰਮਿੰਦਰ ਝੋਟੇ ਦੇ ਇਨਸਾਫ ਦਾ ਸਿਖਰ ਪੰਜਾਬ ਨੂੰ ਨਸ਼ੇ ਤੋਂ ਮੁਕਤੀ ਹੈ। ਇਹ ਮੁਕਤੀ ਕਰਨੀ ਵਿੱਚ ਹੋਵੇ, ਕਹਿਣੀ ਵਿੱਚ ਨਹੀਂ। ਛੇ ਦਿਨਾਂ ਵਿੱਚ ਪੰਜਾਬ 90% ਨਸ਼ਾ ਮੁਕਤ ਹੋ ਜਾਣਾ ਚਾਹੀਦਾ ਸੀ। ਇਸੇ ਧਰਨੇ ਵਿੱਚ ਆ ਕੇ ਸਟੇਟ ਦਾ ਮੁਖੀ ਹਿੱਕ ਥਾਪੜ ਕੇ ਕਹਿੰਦਾ ਕਿ ਮੈਂ ਮਾਵਾਂ ਦੇ ਪੁੱਤ ਬਚਾ ਆਇਆ ਹਾਂ। ਇੱਥੇ ਚੁੱਪ ਦੇ ਸਿੱਧੇ ਅਰਥ ਹਨ। ਅਜੇ ਵੀ ਮੌਕਾ ਹੈ, ਸਾਂਭ ਲਵੋ । ਨਹੀਂ ਪਹਿਲੀਆਂ ਦੋ ਪਾਰਟੀਆਂ ਵਾਂਗ ਨਸ਼ੇ ਕਰਕੇ ਹਸ਼ਰ ਮਾੜਾ ਹੋਣਾ ਹੈ। ਪੰਜਾਬ ਤੇ ਰਾਜ ਕਰਨ ਲਈ ਹੁਣ ਪੰਜਾਬ ਦੀ ਤਾਸੀਰ ਨੂੰ ਸਮਝਣਾ ਪਵੇਗਾ। ਇਹ ਤਾਸੀਰ ਦੀ ਕੁੱਖ ਮਾਨਸਾ ਵਿੱਚ ਹੈ , ਬਾਪੂ ਭੀਮ ਸਿੰਘ ਕੋਲ ਹੈ। ਇੱਕ ਗੱਲ ਜਮਾਂ ਸਪਸ਼ਟ ਹੈ ਕਿ ਪੰਜਾਬ ਦੀ ਸੱਤਾ ਦਾ ਰਾਹ ਪਰਮਿੰਦਰ ਝੋਟੇ ਦੇ ਪਿਤਾ ਭੀਮ ਸਿੰਘਦੇ ਕੋਲੋਂ ਹੋ ਕੇ ਲੰਘਦਾ ਹੈ।

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਗੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141